# ਆਬਕਾਰੀ ਨੀਤੀ ਸਾਲ 2018-19

1.0 **ਦੇਸੀ ਸ਼ਰਾਬ ਦਾ ਉਤਪਾਦਨ :-ਪੰਜਾਬ ਰਾਜ ਵਿੱਚ ਇਸ ਵੇਲੇ 17 ਡਿਸਟਿਲਰੀਆਂ ਚੱਲ ਰਹੀਆਂ ਹਨ, ਜਿਨ੍ਹਾਂ ਵਿਚੋਂ 16 ਡਿਸਟਿਲਰੀਆਂ ਦੇਸੀ ਸ਼ਰਾਬ ਦਾ ਉਤਪਾਦਨ ਕਰਦੀਆਂ ਹਨ।** ਪੰਜਾਬ ਵਿੱਚ ਵਿਕਣ ਵਾਲੀ ਦੇਸੀ ਸ਼ਰਾਬ ਸਿਰਫ ਈ.ਐਨ.ਏ ਤੋਂ ਬਣਾਈ ਜਾਣੀ ਲਾਜ਼ਮੀ ਕੀਤੀ ਗਈ ਹੈ।

2.0 **ਦੇਸੀ ਸ਼ਰਾਬ ਦਾ ਕੋਟਾ:-** ਸਾਲ 2018-19 ਦੋਰਾਨ ਦੇਸੀ ਸਰਾਬ ਦਾ ਕੁੱਲ ਕੋਟਾ ਨਿਰਧਾਰਤ ਕਰਨ ਦੀ ਬਜਾਏ ਮਿਨਿਮਮ ਗਰੰਟਡ ਕੋਟਾ (Minimum Guaranteed Quota) ਨਿਰਧਾਰਤ ਕਰ ਦਿੱਤਾ ਗਿਆ ਹੈ। ਇਹ ਕੋਟਾ **578 ਲੱਖ ਪਰੂਫ ਲੀਟਰ ਹੋਵੇਗਾ।** ਪੰਜਾਬ ਪੱਧਰ ਤੇ ਇਸ ਨਿਰਧਾਰਤ ਕੀਤੇ ਕੋਟੇ ਨੂੰ ਆਬਕਾਰੀ ਤੇ ਕਰ ਕਮਿਸ਼ਨਰ ਮੰਡਲਾਂ ਵਿੱਚ, ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਮੰਡਲ ਦੇ ਜਿਲਿਆਂ ਵਿੱਚ ਅਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਜਿਲ੍ਹੇ ਦੇ ਆਬਕਾਰੀ ਸਰਕਲਾਂ ਵਿੱਚ ਵੰਡਣਗੇ। ਫਿਰ ਇਹ ਮਿਨਿਮਮ ਗਰੰਟਡ ਕੋਟਾ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਵੱਖ-ਵੱਖ ਸ਼ਰਾਬ ਦੇ ਠੇਕਿਆਂ ਦੇ ਲਸੰਸਿੰਗ ਯੂਨਿਟਾਂ/ਗਰੁਪ ਜਾਂ ਜੋਨ ਦਰਮਿਆਨ ਜਿਲ੍ਹਾ ਅਧਿਕਾਰੀਆਂ ਵੱਲੋ ਸਬਮਿਟ ਕੀਤੇ ਅਸਲ ਖਪਤ (Actual Potential) ਦੇ ਆਧਾਰ ਤੇ ਵੰਡ ਦਿੱਤਾ ਜਾਵੇਗਾ। ਕਿਸੇ ਇੱਕ ਸ਼ਹਿਰੀ ਇਲਾਕੇ ਦੇ ਸਾਰੇ ਅਤੇ ਕਿਸੇ ਇੱਕ ਪਿੰਡ ਵਿੱਚ ਇੱਕ ਤੋਂ ਵੱਧ ਲਸੰਸਿੰਗ ਯੂਨਿਟ/ਗਰੁੱਪ ਅਤੇ ਜੋਨ ਲਈ, ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਕੋਟਾ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਮੰਗ ਅਤੇ ਪਿਛਲੀ ਐਲੋਕੇਸਨ ਦੇ ਆਧਾਰ ਤੇ ਨਿਸਚਿਤ ਕੀਤਾ ਜਾਵੇਗਾ। ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਲਸੰਸਿੰਗ ਯੂਨਿਟ/ ਗਰੁੱਪ ਅਤੇ ਜੋਨ ਵਾਈਜ ਕੋਟਾ ਪਰੂਫ ਲੀਟਰਾਂ ਵਿੱਚ ਅਤੇ ਬੀਅਰ ਦਾ ਕੋਟਾ ਬਲਕ ਲੀਟਰਾਂ ਵਿੱਚ ਅਤੇ ਉਸ ਦੀ ਬਣਦੀ ਲਾਇਸੰਸ ਫੀਸ ਚਾਹਵਾਨ ਬਿਨੈਕਾਰਾਂ ਨੂੰ ਲਾਟਰੀ ਦੇ ਡਰਾਅ ਕੱਢਣ ਤੋਂ ਪਹਿਲਾਂ ਸੂਚਨਾਂ ਲਈ ਉੱਘੇ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

3.0 **ਦੇਸੀ ਸ਼ਰਾਬ ਦੇ ਫਿਕਸ ਅਤੇ ਓਪਨ ਕੋਟੇ ਦਾ ਅਨੁਪਾਤ:-** ਹਰ ਸਾਲ ਆਬਕਾਰੀ ਨੀਤੀ ਵਿੱਚ ਠੇਕੇਦਾਰ ਨੂੰ ਆਪਣੇ ਕੋਟੇ ਵਿੱਚੋਂ ਕੁੱਝ ਹਿੱਸਾ ਵਿਭਾਗ ਦੁਆਰਾ ਨਿਰਧਾਰਤ ਕੀਤੀ ਡਿਸਟਿਲਰੀ ਤੋਂ ਚੁੱਕਣਾ ਲਾਜ਼ਮੀ ਕੀਤਾ ਜਾਂਦਾ ਹੈ। ਇਸ ਨੂੰ ਫਿਕਸਡ ਕੋਟਾ ਕਿਹਾ ਜਾਂਦਾ ਹੈ। ਬਾਕੀ ਰਹਿੰਦੇ ਕੋਟੇ ਨੂੰ ਠੇਕੇਦਾਰ ਪੰਜਾਬ ਦੀ ਕਿਸੀ ਵੀ ਹੋਰ ਡਿਸਟਿਲਰੀ ਤੋਂ ਆਪਣੀ ਮਰਜੀ ਅਨੁਸਾਰ ਚੁੱਕ ਸਕਦਾ ਹੈ। ਇਸ ਨੂੰ ਓਪਨ ਕੋਟਾ ਕਿਹਾ ਜਾਂਦਾ ਹੈ। **ਸਾਲ 2018-19 ਵਿੱਚ ਫਿਕਸ ਅਤੇ ਓਪਨ ਕੋਟੇ ਦੇ ਅਨੁਪਾਤ ਨੂੰ 30:70 ਕਰ ਦਿੱਤਾ ਗਿਆ ਹੈ।** ਇਸ ਉਪਬੰਧ ਅਧੀਨ ਦੇਸੀ ਸ਼ਰਾਬ ਦੇ ਕੁੱਲ ਕੋਟੇ ਦਾ 70% ਕੋਟਾ ਲਾਇਸੰਸੀ ਆਪਣੀ ਮਰਜੀ ਦੀ ਕਿਸੇ ਵੀ ਡਿਸਟਿਲਰੀ ਤੋ ਚੁੱਕ ਸਕਦੇ ਹਨ ਅਤੇ

ਬਾਕੀ ਦਾ 30% ਫਿਕਸ ਕੋਟਾ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਵਲੋ ਨਿਰਧਾਰਤ ਕੀਤੀ ਡਿਸਟਿਲਰੀ ਤੋ ਚੁੱਕਣਗੇ।

ਕੋਟੇ ਦੀ ਸਹੀ ਲਿਫਟਿੰਗ ਕਰਵਾਉਣ ਲਈ ਅਤੇ ਸਰਕਾਰ ਦੇ ਮਾਲੀਏ ਨੂੰ ਸਮਾਂ ਬੱਧ ਸੁਰੱਖਿਅਤ ਕਰਨ ਲਈ ਦੇਸੀ (**ਫਿਕਸ ਅਤੇ ਓਪਨ**) **ਅਤੇ ਅੰਗਰੇਜੀ, ਬੀਅਰ ਦੇ ਕੋਟੇ ਦੀ** ਮਹੀਨੇਵਾਰ ਲਿਫਟਿੰਗ ਫਿਕਸ ਕੀਤੀ ਗਈ ਹੈ। ਲਸੰਸੀ ਆਪਣਾ ਦੇਸੀ (ਫਿਕਸ ਅਤੇ ਓਪਨ), ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦਾ ਮਿਨਿਮਮ ਗਰੰਟੀਡ ਕੋਟਾ ਮਹੀਨਾਵਾਰ ਹੇਠ ਲਿਖੀ ਪ੍ਰਤੀਸਤਤਾ ਅਨੁਸਾਰ ਲਿਫਟ ਕਰਨਗੇ:-

| ਲੜੀ ਨੰ: | ਮਹੀਨਾ | ਦੇਸੀ ਸਰਾਬ | ਅੰਗ੍ਰੇਜੀ ਸਰਾਬ | ਬੀਅਰ |
|---|---|---|---|---|
| 1. | ਅਪ੍ਰੈਲ,2018 | 7 | 8 | 7 |
| 2. | ਮਈ,2018 | 8 | 7 | 10 |
| 3. | ਜੂਨ, 2018 | 9 | 9 | 10 |
| 4. | ਜੁਲਾਈ,2018 | 8 | 8 | 10 |
| 5. | ਅਗਸਤ, 2018 | 9 | 9 | 9 |
| 6. | ਸਤੰਬਰ, 2018 | 9 | 9 | 8 |
| 7. | ਅਕਤੂਬਰ, 2018 | 9 | 9 | 8 |
| 8. | ਨਵੰਬਰ, 2018 | 9 | 9 | 8 |
| 9. | ਦਸੰਬਰ, 2018 | 10 | 10 | 8 |
| 10. | ਜਨਵਰੀ, 2019 | 9 | 9 | 8 |
| 11. | ਫਰਵਰੀ, 2019 | 9 | 9 | 8 |
| 12. | ਮਾਰਚ, 2019 (15 ਮਾਰਚ ਤੱਕ) | 4 | 4 | 6 |
| | ਕੁੱਲ | 100 | 100 | 100 |

ਉਪਰੋਕਤ ਸਡਿਊਲ ਅਨੁਸਾਰ ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਮਿਨਿਮਮ ਗਰੰਟੀਡ ਕੋਟੇ ਤੇ ਬਣਦੀ ਸਾਰੀਆਂ ਲੈਵੀਜ ਆਦਿ ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਅਦਾ ਕਰਨ ਯੋਗ ਹੋਵੇਗੀ। ਬਣਦੀ ਰਕਮ ਨਾ ਅਦਾ ਕਰਨ ਦੀ ਸੂਰਤ ਵਿੱਚ ਲਾਇਸੰਸ ਰੱਦ ਸਮਝਿਆ ਜਾਵੇਗਾ ਅਤੇ ਲਸੰਸੀ ਵੱਲੋਂ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਜਬਤ ਕਰ ਲਈ ਜਾਵੇਗੀ।

ਲਸੰਸੀ ਨੂੰ ਦੇਸੀ ਸਰਾਬ ਜਾਂ ਅੰਗ੍ਰੇਜੀ ਸਰਾਬ ਜਾਂ ਬੀਅਰ ਦਾ ਮਿਨਿਮਮ ਗਰੰਟੀਡ ਕੋਟਾ ਚੁੱਕਣ ਤੋਂ ਬਾਅਦ ਉਸਦਾ ਵਾਧੂ ਕੋਟਾ ਚੁੱਕਣ ਦੀ ਆਪਸਨ ਹੋਵੇਗੀ, ਭਾਵ ਜੇਕਰ ਉਸਨੇ ਦੇਸੀ ਸਰਾਬ ਦਾ ਪੂਰਾ ਮਿਨਿਮਮ ਗਰੰਟੀਡ ਕੋਟਾ ਚੁੱਕ ਲਿਆ ਹੈ ਤਾਂ ਉਹ ਦੇਸੀ ਸਰਾਬ ਦਾ ਵਾਧੂ ਕੋਟਾ ਚੁੱਕ ਸਕੇਗਾ। ਇਸੇ ਤਰਜ ਤੇ ਉਹ ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦਾ ਵਾਧੂ ਕੋਟਾ ਵੀ ਚੁੱਕਾ ਸਕੇਗਾ।

ਇਸਦੇ ਲਈ ਉਸਨੂੰ ਐਕਸਾਈਜ ਡਿਊਟੀ ਅਤੇ ਹੋਰ ਲੈਵੀਜ ਆਦਿ ਅਦਾ ਕਰਨੀਆਂ ਪੈਣਗੀਆਂ ਪ੍ਰੰਤੂ ਇਹ ਰਕਮ ਉਸਦੇ ਮਿਨਿਮਮ ਗਰੰਟੀਡ ਕੋਟੇ ਲਈ ਅਦਾ ਕੀਤੀ ਰਕਮ ਵਿੱਚ ਅਡਜਸਟ ਨਹੀਂ ਹੋਵੇਗੀ। ਲਾਇਸੰਸੀ ਨੂੰ ਵਾਧੂ ਕੋਟੇ ਤੇ ਡਿਊਟੀਆਂ/ਫੀਸਾਂ ਉਸੇ ਤਰ੍ਹਾਂ ਹੀ ਅਦਾ ਕਰਨੀਆਂ ਹੋਣਗੀਆਂ, ਜਿਸ ਤਰ੍ਹਾਂ ਉਹ ਮਿਨਿਮਮ ਗਰੰਟੀਡ ਕੋਟੇ ਤੇ ਅਦਾ ਕਰੇਗਾ। ਵਾਧੂ ਕੋਟੇ ਤੇ ਫਿਕਸਡ ਲਾਇਸੰਸ ਫੀਸ ਨਹੀਂ ਲੱਗੇਗੀ। ਇਹ ਵਾਧੂ ਕੋਟਾ ਉਹ ਆਪਣੀ ਮਰਜੀ ਦੀ ਡਿਸਟਿਲਰੀ ਤੋਂ ਚੁੱਕ ਸਕੇਗਾ। ਲਸੰਸੀ ਨੂੰ ਆਪਣੇ ਕਿਸੇ ਇੱਕ ਗਰੁੱਪ ਤੋਂ ਦੂਸਰੇ ਗਰੁੱਪ ਵਿੱਚ ਕੋਟਾ ਟ੍ਰਾਂਸਫਰ ਕਰਨ ਦੀ ਇਜਾਜਤ ਨਹੀਂ ਹੋਵੇਗੀ।

**4.0 ਸਾਲ 2018-19 ਵਿੱਚ ਵੀ ਪਿਛਲੇ ਸਾਲਾਂ ਦੀ ਤਰਾਂ ਦੇਸੀ ਸਰਾਬ 50 ਡਿਗਰੀ, 65 ਡਿਗਰੀ ਅਤੇ 75 ਡਿਗਰੀ ਰੱਖੀ ਗਈ ਹੈ।**

**5.0 ਈ.ਡੀ.ਪੀ. - ਦੇਸੀ ਸਰਾਬ ਦੇ ਫਿਕਸਡ ਕੋਟੇ ਲਈ :- ਸਾਲ 2018-19 ਲਈ ਦੇਸੀ ਸਰਾਬ ਦੀ** ਐਕਸ-ਡਿਸਟਿਲਰੀ ਇਸ਼ੂ ਪ੍ਰਾਈਸ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀ ਗਈ ਹੈ :-

**EDP FOR THE YEAR 2018-19 of 50 Degree (PML)**

| Type of Liquor | Quart | Pint | Nip |
|---|---|---|---|
| Pet Bottles | 254.02 | 277.07 | 345.51 |
| Old Glass Bottles | 248.46 | 281.47 | 320.43 |
| New Glass Bottles | 297.77 | 342.90 | 377.78 |

**EDP FOR THE YEAR 2018-19 of 65 Degree (PML)**

**(100% PET BOTTLES)**

| Type of Liquor | Quart | Pint | Nip |
|---|---|---|---|
| Rum | 308.29 | 331.34 | 399.78 |
| Gin | 414.07 | 338.74 | 407.18 |
| Whisky | 307.17 | 330.22 | 398.66 |

**EDP FOR THE YEAR 2018-19 of 65 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|
| Rum | 302.73 | 335.74 | 374.70 |
| Gin | 310.13 | 343.14 | 382.10 |
| Whisky | 301.61 | 334.62 | 373.58 |

**EDP FOR THE YEAR 2018-19 of 65 Degree (PML)**

**(100% NEW GLASS BOTTLES)**

| Type of Liquor | Quart | Pint | Nip |
|---|---|---|---|
| Rum | 358.35 | 410.15 | 457.50 |
| Gin | 365.75 | 417.55 | 464.90 |
| Whisky | 357.23 | 409.03 | 456.38 |

**EDP FOR THE YEAR 2018-19 of 75 Degree (PML)**

**(100% PET BOTTLES)**

| Type of Liquor | Quart | Pint | Nip |
|---|---|---|---|
| Rum | 343.86 | 366.91 | 435.36 |
| Gin | 352.40 | 375.45 | 443.89 |
| Whisky | 342.56 | 365.61 | 434.04 |

**EDP FOR THE YEAR 2018-19 of 75 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|
| Rum | 338.30 | 371.31 | 410.28 |
| Gin | 346.84 | 379.85 | 418.81 |
| Whisky | 336.73 | 369.75 | 408.70 |

**EDP FOR THE YEAR 2018-19 of 75 Degree (PML)**

**(100% NEW GLASS BOTTLES)**

| Type of Liquor | Quart | Pint | Nip |
|---|---|---|---|
| Rum | 393.70 | 445.72 | 493.08 |
| Gin | 402.46 | 454.26 | 501.61 |
| Whisky | 392.35 | 444.15 | 491.50 |

**6.0** ਈ.ਡੀ.ਪੀ.- ਓਪਨ ਕੋਟੇ ਲਈ - ਕਿਸੇ ਵੀ ਪ੍ਰੋਡਕਟ ਦੀ ਡਿਮਾਂਡ ਗ੍ਰਾਹਕ ਦੀ ਪਸੰਦ ਅਨੁਸਾਰ ਬਣਦੀ ਹੈ। ਇਸ ਕਰਕੇ ਬਜਾਰ ਵਿੱਚ ਚੰਗੇ ਬਰਾਂਡਾਂ ਦੀ ਕੀਮਤ ਜਿਆਦਾ ਹੁੰਦੀ ਹੈ। ਇਸ ਲਈ ਕੀਮਤਾਂ ਮਾਰਕੀਟ ਫੋਰਸਿਜ ਡਰਿਵਨ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਉਤਪਾਦਕ ਅੱਛੇ ਪ੍ਰੋਡਕਟਸ ਮੇਨਟੇਨ ਕਰ ਸਕਣ। ਇਸ ਮੰਤਵ ਨਾਲ ਸਾਲ 2018-19 ਵਿੱਚ ਓਪਨ ਕੋਟੇ ਅਧੀਨ ਡਿਸਟਿਲਰੀਆਂ ਨੂੰ ਈ.ਡੀ.ਪੀ. ਤੋਂ 5% ਵੱਧ ਕੀਮਤ ਨਿਰਧਾਰਤ ਕਰਨ ਦੀ ਖੁੱਲ ਹੋਵੇਗੀ। ਜੇ ਕਿਸੇ ਡਿਸਟਿਲਰੀ ਵੱਲੋਂ ਇਸ ਆਪਸ਼ਨ ਦਾ ਇਸਤੇਮਾਲ ਕੀਤਾ ਜਾਣਾ ਹੈ ਤਾਂ ਉਹ ਡਿਸਟਿਲਰੀ 25 ਮਾਰਚ 2018 ਤੱਕ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਨੂੰ ਆਪਣੇ ਓਪਨ

ਕੋਟੇ ਦੇ ਵੇਚਣ ਵਾਲੇ ਰੇਟਾਂ ਬਾਰੇ ਸੂਚਿਤ ਕਰੇਗੀ। ਇਹ ਰੇਟ ਸਾਰਾ ਸਾਲ ਇੱਕੋ ਹੀ ਰਹਿਣਗੇ ਅਤੇ ਡਿਸਟਿਲਰੀ ਇਨ੍ਹਾਂ ਨੂੰ ਸਾਲ ਦੇ ਦੌਰਾਨ ਬਦਲ ਨਹੀਂ ਸਕੇਗੀ।

**7.0** **ਅੰਗਰੇਜ਼ੀ ਸ਼ਰਾਬ ਦਾ ਕੋਟਾ:-** ਸਾਲ 2018-19 ਦੌਰਾਨ ਅੰਗ੍ਰੇਜ਼ੀ ਸਰਾਬ ਦਾ ਕੁੱਲ ਕੋਟਾ ਨਿਰਧਾਰਿਤ ਕਰਨ ਦੀ ਬਜਾਏ ਮਿਨਿਮਮ ਗਰੰਟੀਡ ਕੋਟਾ **(Minimum Guaranteed Quota)** ਨਿਰਧਾਰਤ ਕਰ ਦਿੱਤਾ ਜਾਵੇ। ਇਹ ਕੋਟਾ **248 ਲੱਖ ਪਰੂਫ ਲੀਟਰ** ਹੋਵੇਗਾ। ਵਿਦੇਸ਼ਾਂ ਤੋਂ ਇੰਪੋਰਟ ਕੀਤੀ ਜਾਣ ਵਾਲੀ ਸ਼ਰਾਬ (**ਬੀ.ਆਈ.ਓ. ਬਰਾਂਡ**) **ਨੂੰ ਇਸ ਮਿਨਿਮਮ ਗਰੰਟੀਡ ਕੋਟੇ ਦਾ ਹਿੱਸਾ ਨਹੀ ਮੰਨਿਆ ਜਾਵੇਗਾ।** ਠੇਕੇਦਾਰਾਂ ਲਈ ਇਹ ਮਿਨਿਮਮ ਗਰੰਟੀਡ ਕੋਟਾ ਚੁੱਕਣਾ ਲਾਜਮੀ ਹੋਵੇਗਾ। ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਕੋਟੇ ਤੇ ਬਣਦੀ ਸਾਰੀਆਂ ਲੈਵੀਜ (ਐਲ.1, ਐਲ.2, ਐਲ.13 ਅਤੇ ਐਲ.14ਏ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਅਤੇ ਸਪੈਸਲ ਲਾਇਸੰਸ ਫੀਸ ਆਦਿ) ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਅਦਾ ਕਰਨ ਯੋਗ ਹੋਵੇਗੀ। ਬਣਦੀ ਰਕਮ ਨਾ ਅਦਾ ਕਰਨ ਦੀ ਸੂਰਤ ਵਿੱਚ ਲਾਇਸੰਸ ਰੱਦ ਸਮਝਿਆ ਜਾਵੇਗਾ ਅਤੇ ਲਸੰਸੀ ਵੱਲੋਂ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਜਬਤ ਕਰ ਲਈ ਜਾਵੇਗੀ। ਨਿਰਧਾਰਤ ਕੋਟਾ ਚੁੱਕਣ ਉਪਰੰਤ ਜੇਕਰ ਲਾਇਸੰਸੀ ਨੂੰ ਹੋਰ ਕੋਟੇ ਦੀ ਲੋੜ ਹੈ ਤਾਂ ਉਹ ਆਬਕਾਰੀ ਡਿਊਟੀ ਅਤੇ ਸਪੈਸਲ ਲਾਇਸੰਸ ਫੀਸ ਆਦਿ ਅਦਾ ਕਰਕੇ ਇਹ ਕੋਟਾ ਚੁੱਕ ਸਕੇਗਾ। ਵਾਧੂ ਕੋਟੇ ਤੇ ਫਿਕਸਡ ਲਾਇਸੰਸ ਫੀਸ ਨਹੀ ਲੱਗੇਗੀ।

**8.0** **ਬੀਅਰ ਦਾ ਕੋਟਾ :-** ਸਾਲ 2018-19 ਦੌਰਾਨ ਬੀਅਰ ਦਾ ਕੁੱਲ ਕੋਟਾ ਨਿਰਧਾਰਿਤ ਕਰਨ ਦੀ ਬਜਾਏ ਮਿਨਿਮਮ ਗਰੰਟੀਡ ਕੋਟਾ **(Minimum Guaranteed Quota)** ਨਿਰਧਾਰਤ ਕਰ ਦਿੱਤਾ ਜਾਵੇ। ਇਹ ਕੋਟਾ **257 ਲੱਖ ਬਲਕ ਲੀਟਰ** ਹੋਵੇਗਾ। ਠੇਕੇਦਾਰਾਂ ਲਈ ਇਹ ਮਿਨਿਮਮ ਗਰੰਟੀਡ ਕੋਟਾ ਚੁੱਕਣਾ ਲਾਜਮੀ ਹੋਵੇਗਾ। ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਕੋਟੇ ਤੇ ਬਣਦੀ ਸਾਰੀਆਂ ਲੈਵੀਜ ਆਦਿ ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਅਦਾ ਕਰਨ ਯੋਗ ਹੋਵੇਗੀ। ਬਣਦੀ ਰਕਮ ਨਾ ਅਦਾ ਕਰਨ ਦੀ ਸੂਰਤ ਵਿੱਚ ਲਾਇਸੰਸ ਰੱਦ ਸਮਝਿਆ ਜਾਵੇਗਾ ਅਤੇ ਲਸੰਸੀ ਵੱਲੋਂ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਜਬਤ ਕਰ ਲਈ ਜਾਵੇਗੀ। ਨਿਰਧਾਰਤ ਕੋਟਾ ਚੁੱਕਣ ਉਪਰੰਤ ਜੇਕਰ ਲਾਇਸੰਸੀ ਨੂੰ ਹੋਰ ਕੋਟੇ ਦੀ ਲੋੜ ਹੈ ਤਾਂ ਉਹ ਬਣਦੀਆਂ ਆਬਕਾਰੀ ਲੈਵੀਜ ਅਦਾ ਕਰਕੇ ਇਹ ਕੋਟਾ ਚੁੱਕ ਸਕੇਗਾ। ਇਹ ਵਾਧੂ ਕੋਟਾ ਉਹ ਆਪਣੀ ਮਰਜੀ ਦੀ ਬਰੀਵਰੀ ਤੋਂ ਚੁੱਕ ਸਕੇਗਾ। ਵਾਧੂ ਕੋਟੇ ਤੇ ਫਿਕਸਡ ਲਾਇਸੰਸ ਫੀਸ ਨਹੀ ਲੱਗੇਗੀ।

9.0 ਐਲ-13:- ਦੇਸੀ ਸ਼ਰਾਬ ਦੇ ਥੋਕ ਵਾਸਤੇ ਐਲ-13 ਲਾਇਸੰਸ ਦਿੱਤਾ ਜਾਂਦਾ ਹੈ। ਡਿਸਟਿਲਰੀਆਂ ਦੁਆਰਾ ਇਹ ਐਲ-13 ਵੱਖ-2 ਜਿਲ੍ਹਿਆਂ ਵਿੱਚ ਐਲ-13 ਲਸੰਸ ਦੀਆਂ ਸ਼ਰਤਾਂ ਅਨੁਸਾਰ ਖੋਲਿਆ ਜਾਂਦਾ ਹੈ। ਐਲ-13 ਲਾਇਸੰਸ ਦੀ ਲਾਇਸੰਸ ਫੀਸ 50,000/- ਰੁਪਏ ਨਿਰਧਾਰਤ ਕੀਤੀ ਗਈ ਹੈ। ਐਲ-13 ਦੇ ਖਰਚੇ 25/- ਰੁਪਏ ਪ੍ਰਤੀ ਕੇਸ ਰੁਪਏ ਕਰ ਦਿੱਤੇ ਗਏ ਹਨ। ਰਾਜ ਵਿੱਚ ਮਾਲੀਏ ਨੂੰ ਸੁਰੱਖਿਅਤ ਕਰਨ ਲਈ ਜੇਕਰ ਜਰੂਰੀ ਹੋਵੇ ਤਾਂ ਆਬਕਾਰੀ ਤੇ ਕਰ ਕਮਿਸਨਰ ਜਾਂ ਉਸਦੇ ਅਧੀਨ ਕੰਮ ਕਰਦੇ ਮੰਡਲ ਪੱਧਰ ਤੱਕ ਦੇ ਅਧਿਕਾਰੀ ਜਿਲੇ ਦੇ ਸਾਰੇ ਐਲ-13 ਇੱਕ ਹੀ ਜਗ੍ਹਾ ਤੇ (under one roof) ਖੋਲੇ ਜਾਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਸਕਣਗੇ। ਇਸ ਤੋਂ ਇਲਾਵਾ, ਲੋੜ ਪੈਣ ਤੇ ਵਿਭਾਗ ਡਿਸਟਿਲਰੀਆਂ ਨੂੰ ਆਪਣੇ ਐਲ.13 ਤੇ ਉਚਿਤ ਸਿਕਿਉਰਟੀ ਲਗਾਉਣ ਲਈ ਵੀ ਹਦਾਇਤਾਂ ਜਾਰੀ ਕਰ ਸਕੇਗਾ ਜਿਸਦਾ ਖਰਚਾ ਡਿਸਟਿਲਰੀਆਂ ਵੱਲੋਂ ਕੀਤਾ ਜਾਵੇਗਾ। ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਇਹ ਡਿਸਟਿਲਰੀ ਦੀ ਜਿੰਮੇਵਾਰੀ ਹੋਵੇਗੀ ਕਿ ਐਲ-13 ਤੋਂ ਪ੍ਰਚੂਨ ਦੀ ਵਿਕਰੀ ਨਾ ਹੋਵੇ। ਲਾਇਸੰਸ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਦੀ ਸੂਰਤ ਵਿੱਚ ਆਬਕਾਰੀ ਐਕਟ/ਨਿਯਮਾਂ ਤਹਿਤ ਡਿਸਟਿਲਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਜਿਹਾ ਹੋਣ ਦੀ ਸੂਰਤ ਵਿੱਚ ਡਿਸਟਿਲਰੀ ਦਾ ਉਸ ਸਾਲ ਦਾ ਕੋਟਾ ਵੀ suspend/cancel ਕੀਤਾ ਜਾ ਸਕੇਗਾ। ਮੰਡਲ ਦੇ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਇਹ ਨਿੱਜੀ ਤੌਰ ਤੇ ਜਿੰਮੇਵਾਰੀ ਹੋਵੇਗੀ ਕਿ ਉਹ ਕੇਵਲ ਡਿਸਟਿਲਰੀ ਨੂੰ ਹੀ ਐਲ-13 ਲਸੰਸ ਜਾਰੀ ਕਰਨ ਅਤੇ ਯਕੀਨੀ ਬਣਾਉਣ ਕਿ ਸਾਰਾ ਸਾਲ ਐਲ-13 ਤੋਂ ਕਿਸੇ ਤਰ੍ਹਾਂ ਦੀ ਰਿਟੇਲ ਸੇਲ ਨਾ ਹੋਵੇ। ਵਿਭਾਗ ਐਲ-13 ਦੀ ਗਤੀਵਿਧੀਆਂ ਤੇ ਨਿਗਰਾਨੀ ਰੱਖੇਗਾ ਅਤੇ ਹਰੇਕ ਐਲ.13 ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ ਅਤੇ ਇਸਦਾ ਖਰਚਾ ਸਬੰਧਤ ਐਲ.13 ਲਸੰਸੀ ਵੱਲੋਂ ਅਦਾ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਜੇਕਰ ਕਿਸੇ ਵੀ ਐਲ.13 ਤੇ ਕੋਈ non-excise duty paid ਸ਼ਰਾਬ ਪਾਈ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਉਹ ਐਲ.13 ਲਾਇਸੰਸ ਕੈਂਸਲ ਕਰ ਦਿੱਤਾ ਜਾਵੇਗਾ ਅਤੇ ਡਿਸਟਿਲਰੀ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇਗੀ।

10.0 ਐਲ-1:- (ੳ) ਸਾਲ 2018-19 ਦੌਰਾਨ ਇਹ ਪ੍ਰਾਵਧਾਨ ਕੀਤਾ ਗਿਆ ਕਿ ਐਲ.1 ਲਾਇਸੰਸ ਕੇਵਲ ਉਸ ਵਿਅਕਤੀ/ਫਰਮ/ਕੰਪਨੀ ਆਦਿ ਨੂੰ ਜਾਰੀ ਕੀਤਾ ਜਾਵੇਗਾ ਜਿਸ ਕੋਲ ਉਸ ਸਬੰਧਤ ਰੈਵਿਨਿਉ ਜਿਲੇ ਵਿੱਚ ਰਿਟੇਲ ਦਾ ਕਾਰੋਬਾਰ (ਐਲ.2 ਲਾਇਸੰਸ) ਦਾ ਘੱਟੋ ਘੱਟ ਇੱਕ ਗਰੁੱਪ/ਜੋਨ ਹੋਵੇ। ਇਹ ਲਾਇਸੰਸ ਉਸੇ ਹੀ ਨਾਮ ਅਤੇ ਸਟਾਇਲ ਤੇ ਦਿੱਤਾ ਜਾਵੇਗਾ, ਜਿਸ ਨਾਮ ਤੇ ਉਸ ਕੋਲ ਐਲ.2 ਦਾ ਲਾਇਸੰਸ ਹੋਵੇਗਾ।

(ਅ) ਸਾਲ 2018-19 ਦੌਰਾਨ ਐਲ.1 ਲਾਇਸੰਸ ਦੀ ਲਾਇਸੰਸ ਫੀਸ 50 ਲੱਖ ਰੁਪਏ ਰੱਖੀ ਗਈ ਹੈ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਭਾਵੇਂ ਸਾਲ ਦੇ ਕਿਸੇ ਵੀ ਮਹੀਨੇ ਵਿੱਚ ਇਹ ਲਾਇਸੰਸ ਦਿੱਤਾ ਜਾਵੇ, ਇਹ ਫੀਸ 50 ਲੱਖ ਰੁਪਏ ਹੀ ਹੋਵੇਗੀ।

ੲ) ਐਲ-1 ਲਸੰਸੀ ਆਈ.ਐਮ.ਐਫ.ਐਲ, ਆਈ.ਐਫ.ਐਲ., ਬੀਅਰ, ਵਾਈਨ ਅਤੇ ਆਰ.ਟੀ.ਡੀ. (ਦੇਸੀ ਤੇ ਵਿਦੇਸ਼ੀ) ਰਾਜ ਦੇ ਮੈਨੂਫੇਕਚਰਿੰਗ ਅਦਾਰਿਆਂ (ਭਾਵ ਰਾਜ ਦੀ ਡਿਸਟਿਲਰੀ, ਬਰੀਵਰੀ ਜਾਂ ਬੋਟਲਿੰਗ ਪਲਾਟ ਲਸੰਸੀ) ਤੋਂ ਸਿੱਧੇ ਤੌਰ ਤੇ ਖਰੀਦ ਸਕੇਗਾ। ਇਸ ਤੋਂ ਇਲਾਵਾ, ਐਲ.1 ਤੋਂ ਐਲ.1 ਟਰਾਂਸਫਰ ਲਾਇਸੰਸੀ ਲੋੜੀਂਦੀ ਪਰਮਿਟ ਫੀਸ ਦੇ ਕੇ ਕਰ ਸਕੇਗਾ।

ਸ) ਕਿਸੇ ਵੀ ਰੈਵੇਨਿਯੂ ਜਿਲ੍ਹੇ ਦਾ ਐਲ.2 ਲਾਇਸੰਸੀ ਕੇਵਲ ਉਸ ਜਿਲ੍ਹੇ ਦੇ ਐਲ.1 ਲਸੰਸੀ ਤੋਂ ਹੀ ਮਾਲ ਖਰੀਦ ਸਕੇਗਾ। ਪਰ ਜੇਕਰ ਉਸ ਜਿਲ੍ਹੇ ਵਿੱਚ ਕਿਸੇ ਬਰਾਂਡ ਦੀ ਸ਼ਰਾਬ ਉਪਲਬਧ ਨਹੀਂ ਹੈ ਜਾਂ ਸ਼ਰਾਬ ਦੀ ਪੂਰੀ ਮਾਤਰਾ ਵਿੱਚ ਸਪਲਾਈ ਉਪਲਬਧ ਨਹੀਂ ਹੈ ਜਾਂ price variation ਜਿਆਦਾ ਹੈ ਤਾਂ ਐਲ.2 ਲਾਇਸੰਸੀ ਆਪਣੇ ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਨਾਲ ਰਾਜ ਦੇ ਕਿਸੇ ਵੀ ਐਲ.1 ਤੋਂ ਮਾਲ ਖਰੀਦਣ ਲਈ ਲੋੜੀਂਦੇ ਪਰਮਿਟ ਲੈ ਸਕੇਗਾ।

ਹ) **ਐਲ.1(ਇੰਪੋਰਟ)** - ਰਾਜ ਤੋਂ ਬਾਹਰੋਂ ਸਰਾਬ ਲਿਆਉਣ ਲਈ ਅਤੇ ਕਸਟਮ ਬਾਂਡਿਡ ਵੇਅਰਹਾਊਸ ਤੋਂ ਖਰੀਦ ਕੇ ਵੇਚਣ ਲਈ ਐਲ.1(ਇੰਪੋਰਟ) ਲਾਇਸੰਸ ਜਾਰੀ ਰੱਖਿਆ ਗਿਆ ਹੈ। ਇਹ ਲਸੰਸ ਐਲ.1 ਲਾਇਸੰਸ ਦਾ ਸਪਲੀਮੈਂਟਰੀ ਲਾਇਸੰਸ ਹੋਵੇਗਾ ਅਤੇ ਕੇਵਲ ਐਲ.1 ਲਾਇਸੰਸੀ ਨੂੰ ਹੀ ਦਿੱਤਾ ਜਾਵੇਗਾ। ਇਸ ਲਸੰਸ ਦੀ ਸਲਾਨਾ ਲਾਇਸੰਸ ਫੀਸ 15 ਲੱਖ ਰੁਪਏ ਹੋਵੇਗੀ ਅਤੇ ਸਾਲ ਦੇ ਕਿਸੇ ਵੀ ਸਮੇਂ ਅਗਰ ਇਹ ਲਾਇਸੰਸ ਲਿਆ ਜਾਂਦਾ ਹੈ ਤਾਂ ਵੀ ਉਸਨੂੰ ਪੂਰੇ ਸਾਲ ਦੀ ਫੀਸ ਅਦਾ ਕਰਨੀ ਪਵੇਗੀ।

11.0 **ਰੀਟੇਲ ਵੈਂਡ ਦੀ ਗਿਣਤੀ** :- ਅੰਗਰੇਜ਼ੀ ਦੀ ਰੀਟੇਲ ਦੁਕਾਨ ਨੂੰ ਐਲ-2 ਲਾਇਸੰਸ ਅਤੇ ਦੇਸੀ ਦੀ ਰੀਟੇਲ ਦੁਕਾਨ ਨੂੰ ਐਲ-14ਏ ਲਾਇਸੰਸ ਦਿੱਤਾ ਜਾਂਦਾ ਹੈ। ਕਾਫੀ ਜਗ੍ਹਾਂ ਤੇ ਦੇਸੀ ਸ਼ਰਾਬ ਦੇ ਨਾਲ ਨਾਲ ਅੰਗ੍ਰੇਜੀ ਸਰਾਬ ਦੀਆਂ ਦੁਕਾਨਾ ਇੱਕ ਹੀ ਛੱਤ ਥੱਲੇ ਹੁੰਦੀਆਂ ਹਨ ਅਤੇ ਉਹਨਾਂ ਨੂੰ ਦੋਵਾਂ ਦਾ ਲਾਇਸੰਸ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਕ ਲਾਇਸੰਸਿੰਗ ਯੂਨਿਟ ਮੰਨਿਆ ਜਾਂਦਾ ਹੈ। ਸਾਲ 2018-19 ਦੌਰਾਨ ਲਾਇਸੰਸਿੰਗ ਯੂਨਿਟਾਂ ਦੀ ਵੱਧ ਤੋਂ ਵੱਧ ਗਿਣਤੀ ਸਾਲ 2017-18 ਦੇ 5851 ਤੋਂ ਘਟਾਕੇ ਤਕਰੀਬਨ 5700 ਤੱਕ ਰੱਖੀ ਜਾਵੇਗੀ।

12.0 **ਲੋਕੇਸਨ ਆਫ ਵੈਂਡ**:- ਸਾਲ 2018-19 ਦੌਰਾਨ ਸ਼ਹਿਰੀ ਖੇਤਰਾਂ ਵਿੱਚ ਜਿੱਥੇ ਜੋਨ ਨਹੀ ਬਣਾਏ ਗਏ ਹਨ, ਲਾਇਸੰਸੀ ਨੂੰ ਸ਼ਹਿਰ ਵਿੱਚ ਕਿਤੇ ਵੀ ਠੇਕਾ ਖੋਲਣ ਦੀ ਆਗਿਆ ਹੋਵੇਗੀ। ਜਿਸ

ਖੇਤਰ ਵਿੱਚ ਜੋਨ ਬਣਾਏ ਗਏ ਹਨ, ਉਥੇ ਖੁੱਲਣ ਵਾਲੇ ਠੇਕਿਆਂ ਦੀ ਗਿਣਤੀ ਪਹਿਲਾਂ ਨਿਰਧਾਰਤ ਕੀਤੀ ਗਈ ਹੈ। ਲਾਟਰੀ ਰਾਹੀਂ ਸਿਰਫ ਜੋਨ ਹੀ ਅਲਾਟ ਕੀਤੇ ਜਾਣਗੇ। ਅਲਾਟ ਹੋਏ ਜੋਨ ਦੇ ਠੇਕੇ ਉਸ ਜੋਨ ਦੇ ਏਰੀਏ ਵਿੱਚ ਕਿਤੇ ਵੀ ਖੁੱਲ ਸਕਦੇ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਵਿੱਚ ਠੇਕੇ ਵਿਭਾਗ ਵਲੋਂ ਪਿੰਡ ਦੀ ਰੈਵਿਨਿਉ ਲਿਮਟ ਦੇ ਅਧਾਰ ਤੇ ਖੋਲੇ ਜਾਂਦੇ ਹਨ। ਪੇਂਡੂ ਠੇਕਿਆਂ ਲਈ ਬਿਨੈ ਪੱਤਰ ਕਿਸੇ ਵਿਸ਼ੇਸ ਖੇਤਰ ਲਈ ਹੁੰਦੇ ਹਨ। ਰਾਜ ਵਿਚ ਕੋਈ ਵੀ ਅਣ-ਅਧਿਕਾਰਤ ਬਰਾਂਚਾ ਜਾਂ ਕੋਈ ਗੈਰ ਕਾਨੂੰਨੀ ਠੇਕੇ ਖੋਲਣ ਦੀ ਇਜਾਜਤ ਨਹੀ ਹੈ। ਜੇਕਰ ਕੋਈ ਲਾਇਸੰਸੀ ਗੈਰ-ਕਾਨੂੰਨੀ ਠੇਕਾ ਖੋਲਦਾ ਹੈ ਤਾਂ ਮਹਿਕਮੇ ਵੱਲੋਂ ਸਖਤ ਕਦਮ ਲੈਦਿਆਂ ਹੋਇਆ ਉਸ ਦਾ ਗੈਰ ਕਾਨੂੰਨੀ ਠੇਕਾ ਬੰਦ ਕਰਨ ਉਪਰੰਤ ਲਾਇਸੰਸੀ ਦਾ ਮੰਜੂਰਸ਼ੁਦਾ ਠੇਕਾ ਵੀ ਘੱਟੋ-ਘੱਟ ਇੱਕ ਮਹੀਨੇ ਲਈ ਬੰਦ ਕਰਨ ਦੀ ਵਿਵਸਥਾ ਹੈ। ਇਸ ਨੂੰ ਲਾਗੂ ਕਰਨ ਲਈ ਉਸ ਆਬਕਾਰੀ ਸਰਕਲ ਦਾ ਆਬਕਾਰੀ ਨਿਰੀਖਕ ਪੂਰਨ ਤੌਰ ਤੇ ਜਿੰਮੇਵਾਰ ਹੈ। ਸਹਿਰੀ ਜਾਂ ਪੇਂਡੂ ਖੇਤਰ ਵਿੱਚ ਠੇਕਾ ਖੋਲਣ ਲਈ ਇਹ ਸਰਤ ਹੈ ਕਿ ਉਹ ਧਾਰਮਿਕ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਨ ਤੋਂ ਆਬਕਾਰੀ ਨਿਯਮਾਂ ਵਿੱਚ ਦਰਸਾਈ ਦੂਰੀ ਤੇ ਹੋਵੇ ਜਾਂ ਕਿਸੇ ਅਜਿਹੇ ਸਥਾਨ ਤੇ ਨਾਂ ਹੋਵੇ ਜਿਥੇ ਕਿਸੇ ਹੋਰ ਕਾਰਨ ਕਰਕੇ ਸਮਰੱਥ ਅਧਿਕਾਰੀ ਵੱਲੋਂ ਮਨਾਹੀ ਕੀਤੀ ਗਈ ਹੋਵੇ। ਇਹ ਦੂਰੀ ਧਾਰਮਿਕ ਸਥਾਨ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾ ਦੇ ਮੇਨ ਗੇਟ ਤੋ ਮੰਨੀ ਜਾਂਦੀ ਹੈ। ਉਪਰੋਕਤ ਉਪਬੰਧ ਰਜਿਸਟਰਡ/ਮਾਨਤਾ ਪ੍ਰਾਪਤ ਧਾਰਮਿਕ ਸੰਸਥਾਵਾਂ ਤੇ ਹੀ ਲਾਗੂ ਹੋਵੇਗਾ। ਜੇਕਰ ਸਾਲ ਦੌਰਾਨ ਕੋਈ ਮਾਨਤਾ ਪ੍ਰਾਪਤ ਵਿਦਿਅਕ ਅਦਾਰਾ ਜਾਂ ਧਾਰਮਿਕ ਅਦਾਰਾ ਖੁੱਲਦਾ ਹੈ ਤਾਂ ਇਹ ਉਪਬੰਧ ਅਗਲੇ ਵਿੱਤੀ ਸਾਲ ਤੋਂ ਵਿਚਾਰਿਆ ਜਾਵੇਗਾ।

ਸਾਲ **2018-19** ਦੌਰਾਨ ਸਫਲ ਅਲਾਟੀ ਨੂੰ ਪਹਿਲਾਂ ਵਾਲੇ ਸਥਾਨ ਤੇ ਚੱਲ ਰਹੇ ਠੇਕੇ ਦੀ ਜਗ੍ਹਾ ਲਈ ਨਕਸ਼ੇ ਦੀ ਮਨਜੂਰੀ ਦੇਣ ਤੋਂ ਇਨਕਾਰ ਨਹੀ ਕੀਤਾ ਜਾਵੇਗਾ। ਕਿਸੇ ਨਵੇਂ ਸਥਾਨ ਲਈ ਠੇਕੇ ਚਲਾਉਣ ਲਈ ਲਾਇਸੰਸਧਾਰਕ ਨੂੰ ਵਿਭਾਗ ਦੀ ਮਨਜੂਰੀ ਲੈਣੀ ਪਵੇਗੀ। ਇੱਕ ਲਾਇਸੰਸਿੰਗ ਯੂਨਿਟ ਦੇ ਐਲ-2 ਅਤੇ ਐਲ-14ਏ ਠੇਕੇ ਨੂੰ ਕੇਵਲ ਇਕ ਛੱਤ ਹੇਠ ਹੀ ਚਲਾਉਣ ਦੀ ਆਗਿਆ ਹੈ। _ਇਥੇ ਇਹ ਵੀ ਵਰਨਣਯੋਗ ਹੈ ਕਿ C.W.P. No. 4681of 2014 ਮਾਰਕੀਟ ਵੈਲਫੇਅਰ ਸੁਸਾਇਟੀ ਮੋਹਾਲੀ ਬਨਾਮ ਸਟੇਟ ਆਫ ਪੰਜਾਬ ਵਿੱਚ ਮਾਨਯੋਗ ਹਾਈਕੋਰਟ ਵੱਲੋ ਜੋ ਹੁਕਮ ਜਾਰੀ ਹੋਣਗੇ, ਲਸੰਸੀ ਇਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਲਸੰਸੀ ਪੰਜਾਬ ਆਬਕਾਰੀ ਐਕਟ, **1914** ਵਿੱਚ ਦਰਜ ਉਪਬੰਧਾਂ ਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

**13.0** ਲਾਇਸਸਿੰਗ ਯੂਨਿਟ:- ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਠੇਕਿਆਂ ਦਾ ਨਿਪਟਾਰਾ ਲਾਇਸੰਸਿੰਗ ਯੂਨਿਟ ਬਣਾ ਕੇ ਕੀਤਾ ਜਾਵੇਗਾ। ਸਹਿਰੀ ਖੇਤਰ ਵਿੱਚ ਇੱਕ ਲਾਇਸੰਸਿੰਗ ਯੂਨਿਟ

ਵਿੱਚ ਇੱਕ ਐਲ-14ਏ ਠੇਕਾ ਅਤੇ ਇਕ ਐਲ-2 ਠੇਕਾ ਹੋਵੇਗਾ। ਪੇਂਡੂ ਖੇਤਰਾਂ ਵਿੱਚ ਇਹ ਯੂਨਿਟ ਜਾਂ ਇੱਕਲਾ ਹੀ ਐਲ-14ਏ ਦਾ ਠੇਕਾ ਜਾਂ ਇੱਕ ਐਲ-14ਏ ਅਤੇ ਇੱਕ ਐਲ-2 ਦਾ ਠੇਕਾ ਹੋ ਸਕਦਾ ਹੈ। ਲਾਇਸੰਸਿੰਗ ਯੂਨਿਟਾਂ ਦੇ ਗਰੁੱਪਾਂ ਨੂੰ ਕੁਲੈਕਟਰ ਕਮ ਉਪ ਆਬਕਾਰੀ ਤੇ ਕਰ ਕਮਿਸਨਰ ਦੁਆਰਾ ਬਣਾਇਆ ਜਾਵੇਗਾ ਜਿਸ ਦੀ ਪੂਰਵ ਪ੍ਰਵਾਨਗੀ ਆਬਕਾਰੀ ਤੇ ਕਰ ਕਮਿਸ਼ਨਰ ਤੋਂ ਲਈ ਜਾਵੇਗੀ।

14.0 **ਲਾਇਸੰਸਿੰਗ ਯੂਨਿਟ ਦੀ ਕੀਮਤ:-** ਇੱਕ ਲਾਇਸੰਸਿੰਗ ਯੂਨਿਟ ਦੀ ਵੱਧ ਤੋਂ ਵੱਧ ਕੀਮਤ (ਮਿਨਿਮਮ ਗਰੰਟੀਡ ਰੈਵਿਨਿਊ) ਦੀ ਸੀਮਾ 400 ਲੱਖ ਰੁਪਏ ਤੱਕ ਨਿਰਧਾਰਤ ਕੀਤੀ ਗਈ ਹੈ।

15.0 **ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਅਤੇ ਜੋਨ ਬਣਾਉਣ ਦੀ ਸੁਵਿਧਾ :-** ਹਰ ਸਾਲ ਲਾਇੰਸਿੰਗ ਯੂਨਿਟਾਂ ਨੂੰ ਗਰੁੱਪਾ/ਜੋਨਾਂ ਵਿੱਚ ਬਣਾ ਕੇ ਉਹਨਾਂ ਦੀ ਅਲਾਟਮੈਂਟ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ। ਵਿੱਤੀ ਸਾਲ 2018-19 ਵਿੱਚ ਗਰੁੱਪ/ਜੋਨ ਬਣਾਉਣ_ਲਈ ਇੱਕ ਗਰੁੱਪ ਦੀ ਲਾਇਸੰਸਿੰਗ ਯੂਨਿਟਾਂ ਦੀ ਮਿਨਿਮਮ ਗਰੰਟੀਡ ਰੈਵਿਨਿਊ ਦੀ ਲੱਗਭੱਗ ਕੀਮਤ 5.00 ਕਰੋੜ ਰੁਪਏ ਹੋਵੇਗੀ ਪਰੰਤੂ ਜਿੱਥੇ ਇੱਕ ਜੋਨ ਵਿੱਚ ਇੱਕ ਤੋਂ ਵੱਧ ਗਰੁੱਪ ਹੋਣਗੇ, ਉੱਥੇ ਉਸ ਜੋਨ ਵਿੱਚ ਪ੍ਰਤੀ ਗਰੁੱਪ ਦੀ ਲਿਮਿਟ 5 ਕਰੋੜ ਰੁਪਏ ਹੋਵੇਗੀ। ਜੇ ਕਿਸੇ ਕਾਰਨ ਕਰਕੇ ਕਿਸੇ ਗਰੁੱਪ ਦੀ ਮਿਨੀਮਮ ਗਰੰਟਡ ਕੀਮਤ 5.00 ਕਰੋੜ ਤੋਂ 25% ਤੋ ਵੀ ਵੱਧ ਕਰਨੀ ਪੈਂਦੀ ਹੈ ਤਾਂ ਇਸਦੀ ਮੰਜੂਰੀ ਆਬਕਾਰੀ ਤੇ ਕਰ ਕਮਿਸਨਰ ਨੂੰ ਵਧੀਕ ਮੁੱਖ ਸਕੱਤਰ ਤੋਂ ਲੈਣੀ ਹੋਵੇਗੀ। ਮਿਨਿਮਮ ਗਰੰਟੀਡ ਰੈਵਿਨਿਊ ਉਹ ਹੋਵਗੇ ਜੋ ਇਸ ਆਬਕਾਰੀ ਨੀਤੀ ਦੇ ਪੈਰਾ 22.0 ਵਿੱਚ ਪਰਿਭਾਸਤ ਕੀਤਾ ਗਿਆ ਹੈ।

ਉਪਰੋਕਤ ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਜਾਂ ਜੋਨ ਨੂੰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਸਲਾਹ ਨਾਲ ਉਪ ਆਬਕਾਰੀ ਤੇ ਕਰ ਕਮਿਸ਼ਨਰ ਵਲੋਂ ਬਣਾਇਆ ਜਾਵੇਗਾ ਅਤੇ ਇਹ ਆਬਕਾਰੀ ਤੇ ਕਰ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਬਣਾਏ ਜਾਣਗੇ। ਲਾਇਸੰਸਿੰਗ ਯੂਨਿਟਾਂ ਦੇ ਇਕ ਗਰੁੱਪ ਜਾਂ ਜੋਨ ਦਾ ਮਿਨਿਮਮ ਗਰੰਟੀਡ ਰੈਵਿਨਿਊ ਉਸੀ ਗਰੁੱਪ/ਜੋਨ ਵਿੱਚ ਸ਼ਾਮਲ ਲਾਇਸੰਸਿੰਗ ਯੂਨਿਟਾਂ ਦੇ ਮਿਨਿਮਮ ਗਰੰਟੀਡ ਰੈਵਿਨਿਊ ਦੇ ਜੋੜ ਦੇ ਬਰਾਬਰ ਹੋਵੇਗਾ।

ਕਾਰਪੋਰੇਸ਼ਨ ਅਤੇ ਕਿਸੇ ਹੋਰ ਇੱਕ ਸ਼ਹਿਰੀ ਖੇਤਰ ਜਾਂ ਨਗਰ ਪੰਚਾਇਤਾਂ ਵਿੱਚ ਪੈਂਦੇ ਇੱਕ ਤੋਂ ਵੱਧ ਜੋਨਾਂ ਦੀ ਮਿਨਿਮਮ ਗਰੰਟੀਡ ਰੈਵਿਨਿਊ ਜਿਥੋ ਤੱਕ ਸੰਭਵ ਹੋ ਸਕੇ ਇੱਕ ਦੂਜੇ ਦੇ ਬਰਾਬਰ ਰੱਖੇ ਜਾਣਗੈ, ਪ੍ਰੰਤੂ ਮੌਕੇ ਅਨੁਸਾਰ ਇਸ ਵਿੱਚ 20% ਦੀ ਵੈਰੀਏਸ਼ਨ ਹੋ ਸਕਦੀ ਹੈ।

ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਪ੍ਰਾਰਥੀਆਂ ਨੂੰ ਅਰਜੀਆਂ ਦੇ ਆਧਾਰ ਤੇ, ਹੇਠ ਲਿਖੀ ਪ੍ਰੀਕ੍ਰਿਆ ਅਨੁਸਾਰ ਡਰਾਅ ਰਾਹੀਂ ਅਲਾਟ ਕੀਤੇ ਜਾ ਸਕਣਗੇ:-

(ੳ) ਜੇਕਰ ਇੱਕ ਲਾਇਸੰਸਿੰਗ ਯੂਨਿਟ/ਗਰੁੱਪ ਲਈ ਇੱਕ ਤੋਂ ਵੱਧ ਅਰਜੀਆਂ ਹੋਣ ਤਾਂ ਉਸ ਸੂਰਤ ਵਿੱਚ ਡਰਾਅ ਆਫ ਲਾਟਸ ਦੇ ਆਧਾਰ ਤੇ ਅਲਾਟ ਠੇਕੇ ਕੀਤੇ ਜਾਣਗੇ।

ਜਾਂ

(ਅ) ਸ਼ਹਿਰੀ ਖੇਤਰ ਨੂੰ ਇੱਕ ਜਾਂ ਇੱਕ ਤੋਂ ਵੱਧ ਜੋਨਾਂ ਵਿੱਚ ਵੀ ਵੰਡਿਆ ਜਾ ਸਕੇਗਾ। ਬਿਨੈਕਾਰਾਂ ਤੋਂ ਪੂਰੇ ਸ਼ਹਿਰ ਵਾਸਤੇ ਜਾਂ ਇੱਕ ਜੋਨ ਵਾਸਤੇ ਅਰਜੀਆਂ ਮੰਗੀਆਂ ਜਾ ਸਕਣਗੀਆਂ। ਜੇਕਰ ਅਰਜੀਆਂ ਦੀ ਗਿਣਤੀ ਅਲਾਟ ਕੀਤੇ ਜਾਣ ਵਾਲੇ ਗਰੁੱਪਾਂ ਤੋਂ ਵੱਧ ਹੋਵੇ ਤਾਂ ਅਲਾਟਮੈਂਟ ਡਰਾਅ ਆਫ ਲਾਟਸ ਰਾਹੀਂ ਕੀਤੀ ਜਾ ਸਕੇਗੀ। ਸਫਲ ਅਲਾਟੀ ਦੇ ਗਰੁੱਪ ਨੰਬਰ/ਜੋਨ ਦੀ ਚੋਣ ਦੂਜੇ ਡਰਾਅ ਨਾਲ ਕੀਤੀ ਜਾਵੇਗੀ। ਉਸ ਸ਼ਹਿਰੀ ਖੇਤਰ ਦੇ ਹਰ ਜੋਨ ਵਿੱਚ ਜਿੰਨੇ ਗਰੁੱਪ ਹੋਣਗੇ, ਉਨ੍ਹੇ ਸਫਲ ਅਲਾਟੀ ਡਰਾਅ ਆਫ ਲਾਟਸ ਰਾਹੀਂ ਚੁਣੇ ਜਾਣਗੇ। ਸਫਲ ਅਲਾਟੀ ਨੂੰ ਜਿਸ ਜੋਨ ਦੀ ਅਲਾਟਮੈਂਟ ਹੋਵੇਗੀ, ਉਹ ਉਸ ਜੋਨ ਦੇ ਕਿਸੇ ਵੀ ਥਾਂ ਤੇ ਆਬਕਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਨਿਰਧਾਰਿਤ ਸੰਖਿਆ ਵਿੱਚ ਠੇਕੇ ਖੋਲ੍ਹ ਸਕੇਗਾ। ਕਿਉਂਕਿ ਬਹੁਤ ਸ਼ਹਿਰ ਮਿਉਂਸਿਪਲ ਹੱਦ ਤੋਂ ਬਾਹਰ ਵੱਧ ਚੁੱਕੇ ਹਨ, ਰਾਜ ਦੇ ਮਾਲੀਏ ਦੀ ਸੁਰੱਖਿਆ ਲਈ ਸਬੰਧਤ ਕੁਲੈਕਟਰ-ਕਮ-ਉਪ ਆਬਕਾਰੀ ਤੇ ਕਰ ਕਮਿਸਨਰ, ਨਾਲ ਲੱਗਦੀ ਵਸੋਂ ਨੂੰ ਵੀ ਸ਼ਹਿਰੀ ਖੇਤਰ ਦਾ ਹਿੱਸਾ ਬਣਾ ਸਕਦਾ ਹੈ।

ਜੇਕਰ ਕਿਸੇ ਸਫਲ ਅਲਾਟੀ ਨੇ ਆਪਣੇ ਨਿਰਧਾਰਤ ਜੋਨ ਦੀ ਸੀਮਾ ਅੰਦਰ ਕੋਈ ਠੇਕਾ ਸ਼ਿਫਟ ਕਰਨਾ ਹੈ ਤਾਂ ਉਹ ਉਸ ਲਈ ਲੋੜੀਂਦੀ ਦਰਖਾਸਤ 25,000/- ਰੁਪਏ ਦੀ ਫੀਸ ਜਮ੍ਹਾਂ ਕਰਵਾ ਕੇ ਕੁਲੈਕਟਰ-ਕਮ-ਉਪ ਆਬਕਾਰੀ ਤੇ ਕਰ ਕਮਿਸ਼ਨਰ ਨੂੰ 31 ਮਈ ਤੱਕ ਦੇ ਸਕੇਗਾ। ਇਹ ਆਪਸ਼ਨ ਉਹ ਆਪਣੇ ਇੱਕ ਠੇਕੇ ਲਈ ਕੇਵਲ ਇੱਕ ਵਾਰ ਹੀ ਇਸਤੇਮਾਲ ਕਰ ਸਕੇਗਾ।

ਜਾਂ

(ੲ) ਉਪਰ ਦਰਸਾਈਆਂ ਵਿਧੀਆਂ ਦਾ ਕੰਬੀਨੇਸ਼ਨ।

ਸਫਲ ਪ੍ਰਾਰਥੀ ਦਾ ਜੋਨ ਅਲਾਟ ਕਰਨ ਦਾ ਡਰਾਅ ਨਾਲ ਹੀ ਕੱਢਿਆ ਜਾਵੇਗਾ। ਅਗਲਾ ਡਰਾਅ ਸਫਲ ਅਲਾਟੀ ਵਲੋ ਬਣਦੀ ਫਿਕਸਡ ਲਾਇਸੰਸ ਫੀਸ ਜਮ੍ਹਾਂ ਕਰਵਾਏ ਜਾਣ ਉਪਰੰਤ ਹੀ ਕੱਢਿਆ ਜਾਵੇਗਾ।

**16.0** ਗਰੁਪ/ਜੋਨ ਦੀ ਮੁੜ ਬਣਤਰ ਅਤੇ ਅਲਾਟਮੈਂਟ:- ਸਾਲ 2018-19 ਦੀ ਆਬਕਾਰੀ ਨੀਤੀ ਅਨੁਸਾਰ ਜੇਕਰ ਪਹਿਲੀ ਵਾਰ ਡਰਾਅ ਆਫ ਲਾਟਜ ਰਾਹੀ ਗਰੁੱਪ/ਜੋਨ ਦੀ ਅਲਾਟਮੈਂਟ ਨਿਰਧਾਰਤ ਮਿਨਿਮਮ ਗਰੰਟੀਡ ਰੈਵਿਨਿਊ/ਕੋਟੇ ਤੇ ਨਹੀ ਹੋ ਪਾਂਦੀ ਤਾਂ ਉਸ ਹਾਲਾਤ ਵਿੱਚ ਉਨ੍ਹਾਂ ਅਣਵਿੱਕੇ ਗਰੁੱਪ/ਜੋਨ ਦੀ ਅਲਾਟਮੈਂਟ ਦੁਬਾਰਾ ਅਰਜੀਆਂ ਮੰਗ ਕੇ ਡਰਾਅ ਆਫ ਲਾਟਸ

ਕੱਢਿਆ ਜਾਵੇਗਾ। ਜੇਕਰ ਫੇਰ ਵੀ ਇਹ ਗਰੁੱਪ/ਜੋਨ ਨਹੀਂ ਵਿਕਦੇ ਤਾਂ ਇਨ੍ਹਾਂ ਗਰੁੱਪਾਂ ਲਈ ਤਿੰਨ ਦਿਨਾਂ ਦਾ ਪਬਲਿਕ ਨੋਟਿਸ ਜਾਰੀ ਕਰਕੇ ਲਸੰਸ ਫੀਸ ਤੋਂ 5% ਘਟੀ ਹੋਈ ਰਿਜਰਵ ਪ੍ਰਾਈਸ ਤੇ ਸੀਲਡ ਕੁਟੇਸ਼ਨਾਂ ਮੰਗੀਆਂ ਜਾਣਗੀਆਂ। ਜੇਕਰ ਇਹ ਪ੍ਰਕਿਰਿਆ ਵੀ ਕਾਮਯਾਬ ਨਹੀਂ ਹੁੰਦੀ ਤਾਂ ਸਰਕਾਰ ਆਪ ਜਾਂ ਆਪਣੇ ਕਿਸੇ ਅਦਾਰੇ ਜਾਂ ਆਪਣੇ ਮੁਲਾਜਮਾਂ ਰਾਹੀਂ ਠੇਕੇ ਚਲਾਉਣ ਦਾ ਅਧਿਕਾਰ ਆਪਣੇ ਪਾਸ ਰੱਖਦੀ ਹੈ। ਇਨ੍ਹਾਂ ਗਰੁੱਪਾਂ ਦੀ ਅਲਾਟਮੈਂਟ ਲਈ ਜੇਕਰ ਕੋਈ ਹੋਰ ਪ੍ਰੀਕ੍ਰਿਆ ਅਪਣਾਉਣੀ ਪੈਂਦੀ ਹੈ ਤਾਂ ਉਸ ਸਬੰਧੀ ਅਧਿਕਾਰ ਮਾਨਯੋਗ ਮੁੱਖ ਮੰਤਰੀ ਜੀ ਕੋਲ ਹੋਣਗੇ। ਸਰਕਾਰ ਵੱਲੋਂ ਠੇਕੇ ਚਲਾਉਣ ਦੀ ਸੂਰਤ ਵਿੱਚ ਮਿਨਿਮਮ ਗਰੰਟੀਡ ਕੋਟੇ ਦੀ requirement ਨਹੀਂ ਹੋਵੇਗੀ।

ਜੇਕਰ ਕੋਈ ਸਫਲ ਬਿਨੈਕਾਰ/ਅਲਾਟੀ ਡਰਾਅ ਆਫ ਲਾਟਸ ਦੇ ਸਮਂ ਨਿਰਧਾਰਤ ਕੀਤੀ 25% ਫਿਕਸਡ ਲਾਇਸੰਸ ਫੀਸ ਤੋਂ ਬਾਅਦ ਬਾਕੀ ਦੀ ਫਿਕਸਡ ਲਾਇਸੰਸ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸਦੀ ਅਲਾਟਮੈਂਟ ਰੱਦ ਸਮਝੀ ਜਾਵੇਗੀ ਅਤੇ ਵੇਟਿੰਗ ਲਿਸਟ ਵਿੱਚ ਸ਼ਾਮਲ ਵਿਅਕਤੀ ਨੂੰ ਮੌਕਾ ਦਿੱਤਾ ਜਾਵੇਗਾ। ਜੇਕਰ ਵੇਟਿੰਗ ਲਿਸਟ ਵਿੱਚ ਵੀ ਕੋਈ ਹੋਰ ਵਿਅਕਤੀ ਨਹੀ ਹੈ ਅਤੇ ਉਸ ਖੇਤਰ ਵਿੱਚ ਸਫਲ ਅਲਾਟੀਆਂ ਦੀ ਗਿਣਤੀ ਯੂਨਿਟਾਂ/ਜੋਨਾਂ ਤੋ ਘੱਟ ਹੈ ਤਾਂ ਉਪਰੋਕਤ ਦਰਸਾਈ ਪ੍ਰਕ੍ਰਿਆ ਹੀ ਅਪਣਾਈ ਜਾਵੇਗੀ। ਇਸ ਤੋਂ ਇਲਾਵਾ, ਜਿਹੜੇ ਠੇਕੇ ਮਿਨਿਮਮ ਗਰੰਟੀਡ ਰੈਵਿਨਿਊ ਆਦਿ ਜਮ੍ਹਾ ਨਾ ਕਰਵਾਉਣ ਕਰਕੇ ਬੰਦ ਕਰਨੇ ਪੈਣਗੇ, ਉਨ੍ਹਾਂ ਕੇਸਾਂ ਵਿੱਚ ਵੀ ਉਪਰੋਕਤ ਦਰਸਾਈ ਪ੍ਰੀਕਿਰਿਆ ਅਪਣਾਈ ਜਾਵੇਗੀ।

**17.0** **ਅਲਾਟਮੈਂਟ ਲਈ ਅਰਜੀਆਂ:-** ਸਾਲ 2018-19 ਦੋਰਾਨ ਠੇਕਿਆਂ ਦੀ ਅਲਾਟਮੈਂਟ ਅਰਜੀਆਂ ਦੇ ਆਧਾਰ ਤੇ ਕੀਤੀ ਜਾਵੇਗੀ। ਇਹ ਅਰਜੀਆਂ ਲਾਇਸੰਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਲਈ ਪ੍ਰਾਪਤ ਕੀਤੀਆਂ ਜਾਣਗੀਆਂ। ਕੋਈ ਵੀ ਵਿਅਕਤੀ ਲਾਇਸੰਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਲਈ ਜਿੰਨੀਆਂ ਮਰਜੀ ਅਰਜੀਆਂ ਪਾ ਸਕਦਾ ਹੈ।

**18.0** **ਅਰਜੀਆਂ ਲਈ ਫੀਸ:-** ਸਾਲ 2018-19 ਲਈ ਲਾਇਸੰਸਿੰਗ ਯੂਨਿਟ/ਗਰੁਪ/ਜੋਨ ਦੀ ਅਲਾਟਮੈਂਟ ਲਈ ਬਿਨੈ ਪੱਤਰਾਂ ਦੀ ਕੀਮਤ 18,000/- ਰੁਪਏ (inclusive of GST, if any) ਪ੍ਰਤੀ ਅਰਜੀ ਹੋਵੇਗੀ। ਇਹ ਫੀਸ ਨਾਨ-ਰਿਫੰਡੇਬਲ ਹੋਵੇਗੀ। ਐਪਲੀਕੇਸ਼ਨ ਫੀਸ ਤੋ ਪ੍ਰਾਪਤ ਰਾਸ਼ੀ ਦਾ 50% ਹਿੱਸਾ ਪੰਜਾਬ ਡਿਵੈਲਪਮੈਂਟ ਫੰਡ ਜੋ ਕਿ ਪੰਜਾਬ ਡਿਵੈਲਪਮੈਂਟ ਫੰਡ ਐਕਟ 2014 (ਪੰਜਾਬ ਐਕਟ ਨੰ: 1 ਆਫ 2015) ਤਹਿਤ ਬਣਾਇਆ ਗਿਆ ਹੈ ਵਿਚ ਜਮ੍ਹਾ ਕਰਵਾਇਆ ਜਾਵੇਗਾ।

**19.0** **ਅਰਜੀਆਂ ਲੈਣ ਦਾ ਤਰੀਕਾ:-** ਸਾਲ 2018-19 ਦੀ ਆਬਕਾਰੀ ਨੀਤੀ ਵਿੱਚ ਅਰਜੀਆਂ ਬੈਂਕਾਂ ਰਾਹੀਂ ਵੀ ਪ੍ਰਾਪਤ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ

ਵੱਖ-2 ਸਡਿਉਲਡ ਬੈਂਕ ਬਰਾਚਾਂ ਨੂੰ ਅਧਿਕਾਰਤ ਕੀਤਾ ਗਿਆ ਹੈ। ਇਸ ਮੰਤਵ ਲਈ ਬੈਂਕ ਵਲੋਂ **125** ਰੁਪਏ ਪ੍ਰਤੀ ਅਰਜੀ ਪ੍ਰੋਸੈਸਿੰਗ ਫੀਸ ਚਾਰਜ ਕੀਤੀ ਗਈ ਜਾਵੇਗੀ, ਜੋਕਿ ਬਿਨੈਕਾਰਾਂ ਵੱਲੋਂ ਅਦਾ ਕੀਤੀ ਜਾਂਦੀ ਹੈ। ਕਿਸੇ ਵੀ ਅਧਿਕਾਰਤ ਬੈਂਕ ਬਰਾਂਚ ਤੇ ਪੰਜਾਬ ਦੇ ਕਿਸੇ ਵੀ ਜਿਲੇ ਦੇ ਕਿਸੇ ਵੀ ਗਰੁੱਪ ਲਈ ਅਰਜੀ ਪ੍ਰਾਪਤ ਕੀਤੀ ਜਾ ਸਕਦੀ ਹੈ।

**20.0** ਅਲਾਟਮੈਂਟ ਆਫ ਲਾਇਸੰਸਿੰਗ ਯੂਨਿਟ/ਗਰੁਪ/ਜੋਨ:-

ਸਾਲ 2018-19 ਦੀ ਆਬਕਾਰੀ ਨੀਤੀ ਵਿਚ ਲਾਇਸੰਸਿੰਗ ਯੂਨਿਟ/ਗਰੁਪ/ਜੋਨ ਦੀ ਅਲਾਟਮੈਂਟ ਹੇਠ ਲਿਖੇ ਅਨੁਸਾਰ ਹੋਵੇਗੀ:-

ਪੀ.ਐਮ.ਐਲ. (ਐਲ-14ਏ) ਅਤੇ ਆਈ.ਐਮ.ਐਫ.ਐਲ. (ਐਲ-2) ਰਿਟੇਲ ਦੇ ਲਾਇਸੰਸ ਮੁਨਾਸਬ ਪ੍ਰਚਾਰ ਕਰਨ ਉਪਰੰਤ ਅਰਜੀਆਂ ਮੰਗ ਕੇ ਦਿੱਤੇ ਜਾਣਗੇ। ਜੇਕਰ ਕਿਸੇ ਵਿਸ਼ੇਸ ਇਲਾਕੇ ਵਿੱਚ ਅਲਾਟ ਕੀਤੀਆਂ ਜਾਣ ਵਾਲੀਆਂ ਇਕਾਈਆਂ ਜਾਂ ਗਰੁੱਪਾਂ ਜਾਂ ਜੋਨਾਂ ਦੀ ਗਿਣਤੀ ਤੋ ਅਰਜੀਆਂ ਦੀ ਗਿਣਤੀ ਜਿਆਦਾ ਹੈ ਤਾਂ ਉਸ ਸੂਰਤ ਵਿੱਚ ਅਲਾਟਮੈਂਟ ਬਿਨੈਕਾਰਾਂ ਅਤੇ ਜਨਤਾ ਦੀ ਹਾਜਰੀ ਅਤੇ ਵਿਭਾਗ ਦੀ ਹਾਜਰੀ ਵਿੱਚ ਪਾਰਦਰਸ਼ੀ ਪ੍ਰਣਾਲੀ ਰਾਂਹੀ ਲਾਟਰੀ ਦੇ ਡਰਾਅ ਕੱਢ ਕੇ ਕੀਤੀ ਜਾਵੇਗੀ। ਹਰ ਇੱਕ ਅਲਾਟਮੈਂਟ ਕੀਤੇ ਜਾਣ ਵਾਲੇ ਸਥਾਨ ਉਤੇ ਵਿਭਾਗ ਅਤੇ ਸਰਕਾਰ ਦੁਆਰਾ ਨਿਗਰਾਨ ਨਿਯੁਕਤ ਕੀਤੇ ਜਾਣਗੇ। ਡਰਾਅ ਆਫ ਲਾਟਸ ਵੇਲੇ ਜੇ ਕੋਈ ਵਿਅਕਤੀ ਵਿਭਾਗ ਵੱਲੋ ਕੱਢੇ ਗਏ ਡਰਾਅ ਨਾਲ ਸੰਤੁਸਟ ਨਹੀਂ ਹੈ ਤਾਂ ਉਹ ਡਰਾਅ ਦੇ ਅਨਾਉਸ ਹੋਣ ਦੇ ਇੱਕ ਘੰਟੇ ਦੇ ਅੰਦਰ-2 ਜਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਲਿਖਤੀ ਦਰਖਾਸਤ ਦੇ ਸਕਦਾ ਹੈ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਸਾਰੇ ਪੱਖਾਂ ਨੂੰ ਵਿਚਾਰ ਕੇ ਤਿੰਨ ਘੰਟੇ ਦੇ ਅੰਦਰ-2 ਸਪੀਕਿੰਗ ਆਰਡਰ ਰਾਹੀਂ ਸਾਰੀਆਂ ਧਿਰਾਂ ਨੂੰ ਆਪਣਾ ਫੈਸਲਾ ਦੇਵੇਗਾ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਤੋ ਸੰਤੁਸਟ ਨਹੀਂ ਹੈ ਤਾਂ ਉਹ ਉਸ ਫੈਸਲੇ ਦੇ ਵਿਰੁੱਧ 24 ਘੰਟੇ ਤੇ ਅੰਦਰ-2 ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ ਕਰ ਸਕੇਗੀ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਦੇ ਵਿਰੁੱਧ ਅਪੀਲ ਕਰਨਾ ਚਾਹੁੰਦੀ ਹੈ ਤਾਂ ਉਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਪ੍ਰਾਪਤ ਹੁੰਦੇ ਹੀ ਉਹਨਾਂ ਨੂੰ ਲਿਖਤੀ ਤੌਰ ਤੇ ਆਪਣੀ ਅਪੀਲ ਕਰਨ ਦੀ ਮਨਸ਼ਾ ਬਾਰੇ ਸੂਚਿਤ ਕਰੇਗੀ। ਅਜਿਹੀ ਸੂਚਨਾ ਪ੍ਰਾਪਤ ਹੋਣ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਅਲਾਟਮੈਂਟ ਦੀ ਪ੍ਰੀਕ੍ਰਿਆ ਨੂੰ ਪੈਡਿੰਗ ਕਰ ਦੇਣਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ/ਸੁਣਵਾਈ ਤੋਂ ਪਹਿਲਾਂ ਹਰ ਧਿਰ ਨੂੰ ਫਿਕਸਡ ਲਾਇਸੰਸ ਫੀਸ ਦਾ ਦਸ (**10**) ਪ੍ਰਤੀਸ਼ਤ ਜਮ੍ਹਾਂ ਕਰਵਾਉਣਾ ਪਵੇਗਾ। ਉਪ ਆਬਕਾਰੀ ਤੇ ਕਰ ਕਮਿਸ਼ਨਰ ਅਪੀਲ ਪ੍ਰਾਪਤ ਹੋਣ ਦੇ 24

ਘੰਟੇ ਦੇ ਅੰਦਰ-2 ਸਾਰੇ ਪੱਖਾਂ ਨੂੰ ਸੁਣਕੇ ਸਪੀਕਿੰਗ ਆਰਡਰ ਜਾਰੀ ਕਰਨਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਅੰਤਿਮ ਹੋਵੇਗਾ।

21.0 **ਫਿਕਸਡ ਲਾਇਸੰਸ ਫੀਸ (Fixed License Fee) (ੳ) ਸਾਲ 2018-19 ਦੌਰਾਨ ਸਿਕਿਉਰਟੀ ਦੀ ਥਾਂ ਤੇ ਫਿਕਸਡ ਲਾਇਸੰਸ ਫੀਸ ਦੇ ਅਧਾਰ ਤੇ ਲਸੰਸ ਜਾਰੀ ਕੀਤੇ ਜਾਣਗੇ। ਫਿਕਸਡ ਲਾਇਸੰਸ ਫੀਸ ਸਾਰੇ ਗਰੁੱਪਾਂ ਵਿੱਚ ਉਨ੍ਹਾਂ ਦੇ ਪੋਟੈਂਸ਼ੀਅਲ ਮੁਤਾਬਕ ਲਈ ਜਾਵੇਗੀ।** ਸਫਲ ਅਲਾਟੀ ਫਿਕਸਡ ਲਾਇਸੰਸ ਫੀਸ ਨੂੰ ਹੇਠ ਲਿਖੇ ਅਨੁਸਾਰ ਜਮ੍ਹਾਂ ਕਰਵਾਏਗਾ:-

| ਲੜੀ ਨੰਬਰ | ਸਟੇਜ | ਲਾਇਸੰਸ ਫੀਸ ਦੀ ਪ੍ਰਤੀਸਤਤਾ |
|---|---|---|
| 1. | ਡਰਾਅ ਆਫ ਲਾਟਸ ਸਮੇਂ | 25% |
| 2. | ਡਰਾਅ ਆਫ ਲਾਟਸ ਤੋਂ 48 ਘੰਟਿਆਂ ਦੇ ਅੰਦਰ-ਅੰਦਰ | 25% |
| 3. | 31 ਮਾਰਚ, 2018 ਤੱਕ | 50% |

ਉਪਰੋਕਤ ਦਰਸਾਈ 50% ਫਿਕਸਡ ਲਾਇਸੰਸ ਫੀਸ ਵਿੱਚੋਂ ਲਸੰਸੀ 35% ਫੀਸ 7 ਅਪ੍ਰੈਲ, 2018 ਤੱਕ ਅਤੇ ਬਾਕੀ 15% ਫੀਸ 15 ਅਪ੍ਰੈਲ, 2018 ਤੱਕ ਉਪ ਆਬਕਾਰੀ ਤੇ ਕਰ ਕਮਿਸਨਰ, ਮੰਡਲ ਇੰਚਾਰਜ ਦੀ ਪੂਰਵ ਪ੍ਰਵਾਨਗੀ ਨਾਲ ਜਮ੍ਹਾਂ ਕਰਵਾ ਸਕੇਗਾ, ਜਿਸ ਲਈ ਉਹ 1.5% ਪ੍ਰਤੀ ਮਹੀਨਾ ਦੀ ਦਰ ਨਾਲ ਵਿਆਜ (ਦਿਨਾਂ ਦੇ ਹਿਸਾਬ ਨਾਲ) ਦੇਣ ਲਈ ਪਾਬੰਦ ਹੋਵੇਗਾ।

ਜੇਕਰ ਕੋਈ ਸਫਲ ਅਲਾਟੀ ਫਿਕਸਡ ਲਸੰਸ ਫੀਸ ਦੀ ਇੱਕ ਜਾਂ ਇੱਕ ਤੋਂ ਵੱਧ ਕਿਸਤਾਂ ਜਮਾਂ ਕਰਵਾਉਣ ਉਪਰੰਤ ਅਗਲੀ ਕਿਸਤ ਜਮਾਂ ਨਹੀ ਕਰਵਾਉਦਾ ਹੈ ਤਾਂ ਉਸਦੇ ਵੱਲੋ ਜਮਾਂ ਕਰਵਾਈ ਗਈ ਫਿਕਸਡ ਲਸੰਸ ਫੀਸ ਜਬਤ ਕਰ ਲਈ ਜਾਵੇਗੀ ।

ਇਸ ਫਿਕਸਡ ਲਾਇਸੰਸ ਫੀਸ ਦੀ ਅਦਾਇਗੀ ਬੈਂਕ ਦੀ ਡਿਪਾਜਿਟ ਸਲਿੱਪ ਜਾਂ ਡੀਮਾਂਡ ਡਰਾਫਟ, ਬੈਕਰਜ ਚੈਕ, ਪੇ-ਆਰਡਰ ਅਤੇ ਅਦਰ ਪਰੀ-ਪੇਡ ਬੈਂਕ ਇਸਟਰੂਮੈਟ ਰਾਹੀਂ ਕੀਤੀ ਜਾ ਸਕਦੀ ਹੈ। ਅਗਲਾ ਡਰਾਅ ਪਹਿਲੇ ਸਫਲ ਅਲਾਟੀ ਵਲੋ ਬਣਦੀ ਫਿਕਸਡ ਲਾਇਸੰਸ ਫੀਸ ਜਮਾਂ ਕਰਾਉਣ ਤੋ ਬਾਅਦ ਹੀ ਕੱਢਿਆ ਜਾਵੇਗਾ। ਅਜਿਹਾ ਨਾਂ ਕਰਨ ਤੇ ਉਸਦੀ ਅਲਾਟਮੈਟ ਰੱਦ ਕਰ ਦਿੱਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਦੇ ਹੱਕ ਵਿਚ ਕਿਸੇ ਵੀ ਜਿਲ੍ਹੇ ਵਿਚ ਹੋਈ ਜਾਂ ਹੋਣ ਵਾਲੀ ਠੇਕਿਆਂ ਦੇ ਲਸੰਸਾਂ ਦੀ ਅਲਾਟਮੈਂਟ ਨੂੰ ਰੱਦ ਸਮਝਿਆ ਜਾਵੇਗਾ। ਜਦੋਂ ਬਣਦੀ ਫਿਕਸਡ ਲਾਇਸੰਸ ਫੀਸ ਅਦਾ ਕੀਤੀ ਜਾਵੇਗੀ, ਤਾਂ ਇਸ ਨਾਲ ਵਿਅਕਤੀ ਵਿਭਾਗ ਅਤੇ ਉਸ ਨਾਲ ਕੀਤੇ ਸਮਝੌਤੇ ਦੀਆਂ ਸ਼ਰਤਾਂ ਔਬਲੀਗੇਸ਼ਨਾਂ ਤਹਿਤ ਆ ਜਾਵੇਗਾ ਅਤੇ ਉਸ ਨੂੰ ਕੰਟਰੈਕਟ ਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ ਜਿਵੇਂ ਕਿ ਲਸੰਸ ਦਾ ਮਿਨਿਮਮ ਗਰੰਟੀਡ ਰੈਵਿਨਿਊ ਜਮ੍ਹਾਂ ਕਰਵਾਉਣਾ, ਮਿਨਿਮਮ ਗਰੰਟੀਡ ਕੋਟਾ ਚੁੱਕਣਾ ਆਦਿ। ਇਸ ਨਾਲ ਕੋਈ ਵੀ ਸਫਲ ਅਲਾਟੀ ਆਪਣੀ ਜੁੰਮੇਵਾਰੀ ਤੋ ਮੁਕਰ ਨਹੀ ਸਕੇਗਾ।

ਲਸੰਸੀ ਵੱਲੋਂ ਜਮ੍ਹਾਂ ਕਰਵਾਈ ਮਿਨਿਮਮ ਗਰੰਟੀਡ ਰੈਵਿਨਿਊ ਦੀ ਮਹੀਨਾਵਾਰ ਸੈਟਲਮੈਂਟ ਕਰਵਾਈ ਜਾਵੇਗੀ।

ਹਰ ਮਹੀਨੇ ਦੀ ਅਦਾਇਗੀ ਯੋਗ ਰਕਮ ਹਰ ਮਹੀਨੇ ਦੇ ਅਖੀਰਲੇ ਕਾਰਜੀ ਦਿਨ ਤੱਕ ਦੇਣੀ ਹੋਵੇਗੀ। ਬਣਦੀ ਰਕਮ ਨੂੰ ਦੇਰ ਨਾਲ ਭਰਨ ਤੇ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਜੇਕਰ ਪਿਛਲੇ ਮਹੀਨੇ ਦੀ ਬਣਦੀ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਰਕਮ ਅਤੇ ਵਿਆਜ ਦੀ ਅਦਾਇਗੀ ਕਰ ਦਿੱਤੀ ਜਾਵੇਗੀ ਅਤੇ ਉਸ ਮਹੀਨੇ ਦੀ 20 ਤਰੀਕ ਤੱਕ ਮੁਅੱਤਲ ਕੀਤੇ ਲਸੰਸ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨ ਮੁਤਾਬਕ ਰੀ-ਅਲਾਟਮੈਂਟ ਦੀ ਪ੍ਰੀਕ੍ਰਿਆ ਅਰੰਭੀ ਜਾਵੇਗੀ। ਜੇਕਰ ਰੀ-ਅਲਾਟਮੈਂਟ ਦੌਰਾਨ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ ਤਾਂ ਉਸਦੀ ਭਰਪਾਈ ਲਈ ਅਸਲ ਅਲਾਟੀ ਜੁੰਮੇਵਾਰ ਹੋਵੇਗਾ।

22.0 **ਮਿਨਿਮਮ ਗਰੰਟੀਡ ਰੈਵਿਨਿਊ:** ਮਿਨਿਮਮ ਗਰੰਟੀਡ ਰੈਵਿਨਿਊ ਵਿੱਚ ਲਾਇਸੰਸ ਦੀ ਫਿਕਸਡ ਲਾਇਸੰਸ ਫੀਸ ਅਤੇ ਮਿਨਿਮਮ ਗਰੰਟੀਡ ਕੋਟੇ ਤੇ ਲਗਦੀ ਆਬਕਾਰੀ ਡਿਊਟੀ ਸਾਮਲ ਹੋਣਗੀਆਂ। ਜੇਕਰ ਕੋਈ ਲਸੰਸੀ ਆਪਣਾ ਨਿਰਧਾਰਤ ਕੋਟਾ ਲਸੰਸ ਦੀਆਂ ਸ਼ਰਤਾਂ ਮੁਤਾਬਕ ਨਹੀਂ ਚੁੱਕਦਾ ਤਾਂ ਬਕਾਇਆ ਕੋਟੇ ਤੇ ਉਸਨੂੰ ਦੇਸੀ ਸ਼ਰਾਬ ਤੇ ਬਣਦੀ ਆਬਕਾਰੀ ਡਿਊਟੀ ਅਤੇ ਐਲ.13 ਦੇ ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਡਿਊਟੀ ਅਦਾ ਕਰਨੀ ਹੋਵੇਗੀ। ਇਸੇ ਤਰ੍ਹਾਂ ਅੰਗ੍ਰੇਜ਼ੀ ਸ਼ਰਾਬ ਦੇ ਬਕਾਇਆ ਕੋਟੇ ਤੇ ਬਣਦੀ ਆਬਕਾਰੀ ਡਿਊਟੀ ਅਤੇ ਐਲ.1 ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ (ਘੱਟ ਤੋਂ ਘੱਟ ਸਲੈਬ ਅਨੁਸਾਰ) ਅਦਾ ਕਰਨੀ ਹੋਵੇਗੀ। ਇਸੇ ਤਰ੍ਹਾਂ ਬੀਅਰ ਦੇ ਬਕਾਇਆ ਕੋਟੇ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ ਅਤੇ ਐਲ.1 ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ (ਘੱਟ ਤੋਂ ਘੱਟ ਸਲੈਬ ਅਨੁਸਾਰ) ਅਦਾ ਕਰਨੀ ਹੋਵੇਗੀ।

ਵਿਭਾਗ ਸਾਲ ਦੌਰਾਨ ਫਿਕਸਡ ਲਾਇਸੰਸ ਫੀਸ ਜਾਂ ਲੈਵੀਜ ਦੇ ਨਾਵਾਂ ਵਿੱਚ ਕੋਈ ਤਬਦੀਲੀ ਕਰ ਸਕਦਾ ਹੈ।

ਵਾਈਨ ਅਤੇ ਪੀਣਯੋਗ ਤਿਆਰ ਤਰਲ (ਆਰ.ਟੀ.ਡੀ.) ਨੂੰ ਛੱਡਕੇ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਕੋਟੇ ਦੀ ਸਪਲਾਈ ਲਈ ਲਸੰਸੀ ਨੂੰ ਪਰਮਿਟ ਜਾਰੀ ਕਰਨ ਸਮੇਂ ਪੀ.ਐਮ.ਐਲ., ਆਈ.ਐਮ.ਐਫ.ਐਲ. ਅਤੇ ਬੀਅਰ ਤੇ ਬਣਦਾ ਮਿਨਿਮਮ ਗਰੰਟੀਡ ਰੈਵਿਨਿਊ ਅਦਾ ਕਰਨਾ ਹੋਵੇਗਾ।

**23.0** ਪੰਜਾਬ ਆਬਕਾਰੀ ਐਕਟ, **1914** ਦੀ ਧਾਰਾ **31** ਅਤੇ **32** ਅਨੁਸਾਰ ਐਕਸਾਈਜੇਬਲ ਆਰਟੀਕਲ ਤੇ ਆਬਕਾਰੀ ਡਿਊਟੀ ਆਦਿ ਹੇਠ ਲਿਖੇ ਅਨੁਸਾਰ ਲਗਾਉਣ ਦਾ ਪ੍ਰਾਵਾਧਾਨ ਹੈ। ਜਿਸ ਅਨੁਸਾਰ ਆਬਕਾਰੀ ਡਿਊਟੀ ਹੇਠ ਲਿਖੇ ਅਨੁਸਾਰ ਲਗਾਈ ਗਈ ਹੈ:-

(ੳ) **ਆਬਕਾਰੀ ਡਿਊਟੀ :** ਸਾਲ **2018-19** ਦੀ ਆਬਕਾਰੀ ਨੀਤੀ ਵਿੱਚ ਲਾਇਸੰਸ ਫੀਸ ਦੀ ਥਾਂ ਤੇ ਆਬਕਾਰੀ ਡਿਊਟੀ ਲਾ ਦਿੱਤੀ ਗਈ ਹੈ। ਇਹ ਆਬਕਾਰੀ ਡਿਊਟੀ ਦੇਸੀ ਸਰਾਬ ਤੇ **324/-** ਰੁਪਏ ਪ੍ਰਤੀ ਪਰੂਫ ਲਿਟਰ, ਅੰਗ੍ਰੇਜੀ ਸਰਾਬ ਤੇ **355/-** ਰੁਪਏ ਪ੍ਰਤੀ ਪਰੂਫ ਲੀਟਰ ਅਤੇ ਬੀਅਰ ਤੇ **55/-** ਰੁਪਏ ਪ੍ਰਤੀ ਬਲਕ ਲਿਟਰ ਹੋਵੇਗੀ ਜੋਕਿ ਐਲ.**2** ਜਾਂ ਐਲ.**14**ਏ ਲਸੰਸੀ ਦੁਆਰਾ ਐਲ.**1** ਜਾਂ ਐਲ.**13** ਤੋਂ ਸ਼ਰਾਬ ਖਰੀਦਣ ਲਈ ਲੋੜੀਂਦੇ ਟਰਾਂਸਪੋਰਟ ਪਰਮਿਟ ਜਾਰੀ ਕਰਨ ਸਮੇਂ ਅਦਾ ਕੀਤੀ ਜਾਵੇਗੀ।

(ਅ) ਆਬਕਾਰੀ ਡਿਊਟੀ -

ਸਾਲ **2018-19** ਲਈ ਦੇਸੀ ਸਰਾਬ ਤੇ ਸਪੈਸਲ ਡਿਵੈਲਪਮੈਂਟ ਫੀਸ ਨੂੰ ਖਤਮ ਕਰਦੇ ਹੋਏ **35/-** ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਆਬਕਾਰੀ ਡਿਊਟੀ ਲਗਾ ਦਿੱਤੀ ਗਈ ਅਤੇ ਇਹ ਡਿਊਟੀ ਐਲ.**13** ਲਸੰਸੀ ਡਿਸਟਿਲਰੀ ਤੋਂ ਦੇਸੀ ਸ਼ਰਾਬ ਟਰਾਂਸਪੋਰਟ ਕਰਨ ਲਈ ਜਾਰੀ ਹੋਣ ਵਾਲੇ ਪਰਮਿਟ ਬਣਵਾਉਣ ਸਮੇਂ ਅਦਾ ਕਰੇਗਾ। ਹੁਣ ਬੀਅਰ ਤੇ ਸਪੈਸਲ ਡਿਵੈਲਪਮੈਂਟ ਫੀਸ ਅਤੇ ਅਸੈਸਡ ਫੀਸ ਅਤੇ ਅੰਗ੍ਰੇਜੀ ਸ਼ਰਾਬ ਤੇ ਸਪੈਸਲ ਡਿਵੈਲਪਮੈਂਟ ਫੀਸ ਅਤੇ ਐਕਸਟਰਾ ਲਾਇਸੰਸ ਫੀਸ ਦੀ ਥਾਂ ਤੇ ਆਬਕਾਰੀ ਡਿਊਟੀ ਚਾਰਜ ਕੀਤੀ ਜਾਵੇਗੀ। ਇਹ ਆਬਕਾਰੀ ਡਿਊਟੀ ਸਟਰਾਂਗ ਬੀਅਰ ਉਪਰ **60/-** ਰੁਪਏ ਪ੍ਰਤੀ ਬਲਕ ਲਿਟਰ ਦੇ ਹਿਸਾਬ ਨਾਲ ਅਤੇ ਲਾਈਟ ਬੀਅਰ ਉੱਪਰ **57/-** ਰੁਪਏ ਪ੍ਰਤੀ ਬਲਕ ਲੀਟਰ ਦੇ ਹਿਸਾਬ ਨਾਲ ਚਾਰਜ ਕੀਤੀ ਜਾਵੇਗੀ ਅਤੇ ਇਹ ਡਿਊਟੀ ਐਲ.**1** ਲਸੰਸੀ ਬਰੀਵਰੀ ਤੋਂ ਬੀਅਰ ਟਰਾਂਸਪੋਰਟ ਕਰਨ ਲਈ ਜਾਰੀ ਹੋਣ ਵਾਲੇ ਪਰਮਿਟ ਬਣਵਾਉਣ ਸਮੇਂ ਅਦਾ ਕਰੇਗਾ। ਅੰਗ੍ਰੇਜੀ ਸਰਾਬ ਤੇ ਆਬਕਾਰੀ ਡਿਊਟੀ ਈ.ਡੀ.ਪੀ. ਦੀ ਰੇਂਜ ਦੇ ਹਿਸਾਬ ਨਾਲ ਵੱਖ-ਵੱਖ ਰੇਟਾਂ ਤੇ ਹੇਠ ਲਿਖੇ ਰੇਟਾਂ ਅਨੁਸਾਰ ਚਾਰਜ ਕੀਤੀ ਜਾਵੇਗੀ:-

| EDP Range of IMFL (2017-18) | Proposed rate of Excise Duty Per PL (2018-19) |
|---|---|
| EDP upto 650 | 84/- |
| EDP 651-950 | 102/- |
| EDP 951-1200 | 126/- |
| EDP 1201-1400 | 150/- |
| EDP 1401-1500 | 184/- |
| EDP 1501-2500 | 193/- |
| EDP 2501-3500 | 258/- |
| EDP 3501-4500 | 284/- |
| EDP 4501-7000 | 370/- |
| EDP above 7000 | 390/- |

ਇਹ ਡਿਊਟੀ ਐਲ.1 ਲਸੰਸੀ ਡਿਸਟਿਲਰੀ ਤੋਂ ਅੰਗ੍ਰੇਜੀ ਸ਼ਰਾਬ ਟਰਾਂਸਪੋਰਟ ਕਰਨ ਲਈ ਜਾਰੀ ਹੋਣ ਵਾਲੇ ਪਰਮਿਟ ਬਣਵਾਉਣ ਸਮੇਂ ਅਦਾ ਕਰੇਗਾ।

**24.0** **ਇੰਪੋਰਟ ਫੀਸ** :-ਵਿਭਾਗ ਦਾ ਵਿਚਾਰ ਹੈ ਕਿ ਵੱਧ ਤੋਂ ਵੱਧ ਆਈ.ਐਮ.ਐਫ.ਐਲ. ਦੀ ਬਾਟਲਿੰਗ ਰਾਜ ਵਿੱਚ ਹੋਵੇ ਤਾਂ ਜੋ ਰਾਜ ਵਿੱਚ ਸਨੱਅਤ ਦਾ ਵਿਕਾਸ ਹੋਵੇ ਅਤੇ ਰਾਜ ਦੇ ਲੋਕਾਂ ਨੂੰ ਰੁਜਗਾਰ ਮਿਲੇ। ਸਾਲ 2017-18 ਦੀ ਆਬਕਾਰੀ ਨੀਤੀ ਵਿੱਚ ਰਾਜ ਤੋਂ ਬਾਹਰੋਂ ਬੋਟਲ ਹੋ ਕੇ ਆਉਣ ਵਾਲੀ ਆਈ.ਐਮ.ਐਫ.ਐਲ. ਤੇ 25/-ਰੁਪ੍ਏ ਪ੍ਰਤੀ ਪਰੂਫ ਲੀਟਰ ਇੰਮਪੋਰਟ ਫੀਸ ਲਗਾਈ ਗਈ ਸੀ। ਇਸ ਨੂੰ ਸਾਲ 2018-19 ਵਿੱਚ ਵੀ ਇਸੇ ਦਰ ਤੇ ਲਾਗੂ ਰੱਖਿਆ ਗਿਆ ਹੈ। ਕੈਨਡ ਬੀਅਰ ਅਤੇ ਬਾਟਲਡ ਬੀਅਰ ਤੇ ਰਾਜ ਤੋਂ ਬਾਹਰੋਂ ਮੰਗਾਈ ਜਾਣ ਵਾਲੀ ਬੀਅਰ ਤੇ 10/- ਰੁਪਏ ਪ੍ਰਤੀ ਬੀ.ਐਲ. ਦੀ ਦਰ ਨਾਲ ਇੰਪੋਰਟ ਫੀਸ ਚਾਰਜ ਕੀਤੀ ਜਾਵੇਗੀ।

**25.0** **ਬੀਅਰ ਤੇ ਸਪੈਸਲ ਅਸੈਸਡ ਫੀਸ** :- ਸਾਲ 2017-18 ਦੌਰਾਨ ਲਾਈਟ ਅਤੇ ਸਟਰੋਂਗ ਬੀਅਰ ਤੇ ਕ੍ਰਮਵਾਰ 35/-ਰੁਪਏ ਅਤੇ 42/- ਰੁਪਏ ਪ੍ਰਤੀ ਬੀ.ਐਲ. ਅਸੈਸਡ ਫੀਸ ਲਗਾਈ ਗਈ ਸੀ, ਜਿਸਨੂੰ ਹੁਣ ਸਾਲ 2018-19 ਵਿੱਚ ਖਤਮ ਕਰ ਦਿੱਤਾ ਗਿਆ ਹੈ। L-3,L-4 ਅਤੇ L-5,L-3A, L-4A ਅਤੇ L-5A, L-5B ਅਤੇ L-12C ਲਾਇਸੈਂਸੀ ਹੁਣ ਸ਼ਰਾਬ ਐਲ.2 ਤੋਂ ਪ੍ਰਾਪਤ ਕਰਨਗੇ। ਕੇਵਲ ਉਹ ਬਾਰ ਲਾਇਸੰਸੀ ਜਿਨ੍ਹਾਂ ਦੀ GST Turnover 5.00 ਕਰੋੜ ਰੁਪਏ ਤੋਂ ਵੱਧ ਹੋਵੇਗੀ, ਸਿਧੇ ਐਲ.1 ਤੋਂ ਸ਼ਰਾਬ ਲੈ ਸਕਣਗੇ। ਕਿਉਂਕਿ ਸਾਲ 2017-18 ਦੌਰਾਨ ਜੀ.ਐਸ.ਟੀ. ਸਿਰਫ 9 ਮਹੀਨੇ ਲਈ ਹੀ ਲੱਗਿਆ ਹੈ, ਇਸ ਲਈ 9 ਮਹੀਨੇ ਦੀ ਅਨੁਪਾਤਕ ਟਰਨਓਵਰ ਕੈਲਕੁਲੇਟ ਕੀਤੀ ਜਾਵੇਗੀ। ਐਲ-2 ਲਾਇਸੰਸੀ ਬਾਰ ਲਾਇਸੰਸੀਆਂ ਨੂੰ ਵੇਚੀ ਜਾਣ ਵਾਲੀ ਸ਼ਰਾਬ ਤੇ ਐਲ-1 ਲਾਇਸੰਸੀ ਤੋਂ ਖਰੀਦੀ ਗਈ ਸ਼ਰਾਬ ਤੋਂ 5% ਤੋਂ ਵੱਧ ਦਾ ਮੁਨਾਫਾ ਨਹੀ ਲਵੇਗਾ।

**26.0** **ਨਵਕ੍ਰਿਤ ਜਾਂ ਨਵੇਂ ਜਾਰੀ ਹੋਣ ਵਾਲੇ ਕੁੱਝ ਹੋਰ ਲਾਇਸੰਸਾਂ ਲਈ ਸਾਲਾਨਾ ਲਾਇਸੰਸ ਫੀਸ/ਨਵਕ੍ਰਿਤੀ ਫੀਸ ਦੀਆਂ ਦਰਾਂ**:- ਡਿਸਟਿਲਰੀਜ/ਬਰੀਵਰੀਜ/ਬਾਂਡਡ ਵੇਅਰ ਹਾਊਸ-2 ਅਤੇ ਹੋਰ ਲਾਇਸੰਸਾਂ ਦੀ ਲਾਇਸੰਸ ਫੀਸ ਅਤੇ ਨਵਕ੍ਰਿਤੀ ਫੀਸਾਂ ਦੀ ਦਰ ਰੇਟ ਚਾਰਟ ਅਨੁਸਾਰ ਦਰਸਾਈ ਗਈ ਹੈ।

**27.0** **ਕੋਟਾ ਇੰਟਰਚੇਂਜ ਕਰਨ ਦੀ ਸਹੂਲਤ**:- ਸਾਲ 2018-19 ਦੌਰਾਨ ਕੋਟੇ ਦੀ ਥਾਂ ਤੇ ਮਿਨਿਮਮ ਗਰੰਟੀਡ ਕੋਟਾ ਕੀਤਾ ਜਾ ਰਿਹਾ ਹੈ, ਇਸ ਕਰਕੇ ਇਹ ਜਰੂਰੀ ਹੈ ਕਿ ਦੇਸੀ ਜਾਂ ਅੰਗ੍ਰੇਜੀ ਸ਼ਰਾਬ ਦੇ ਮਿਨਿਮਮ ਗਰੰਟੀਡ ਕੋਟੇ ਵਿੱਚ ਕੋਈ imbalance ਨਾ ਹੋਵੇ ਅਤੇ ਲਸੰਸੀ ਇਸਨੂੰ ਆਪਣੀ ਲੋੜ ਅਨੁਸਾਰ ਇੰਟਰਚੇਂਜ ਕਰਵਾ ਸਕੇ। ਇਸ ਲਈ ਲਾਇਸੰਸੀ ਸਾਲ 2018-19 ਦੌਰਾਨ

ਅੰਗਰੇਜ਼ੀ ਜਾਂ ਦੇਸੀ ਸਰਾਬ ਦੇ ਕੁੱਲ ਕੋਟੇ ਵਿੱਚੋ 5% ਤੱਕ ਦੇ ਕੋਟੇ ਨੂੰ ਦੇਸੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਦੇਸੀ ਕੋਟੇ ਵਿੱਚ ਮੰਗ ਅਨੁਸਾਰ ਤਬਦੀਲ ਕਰਵਾ ਸਕੇਗਾ। ਜਿਸ ਕੈਟਗਰੀ ਦੀ ਸ਼ਰਾਬ (ਦੇਸੀ ਜਾਂ ਅੰਗ੍ਰੇਜੀ) ਦੀ ਲਿਫਟਿੰਗ ਕਰਨੀ ਹੈ, ਲਸੰਸੀ ਨੂੰ ਉਸੇ ਕੈਟੇਗਰੀ ਦੀਆਂ ਬਣਦੀਆਂ ਡਿਊਟੀਆਂ ਅਦਾ ਕਰਨੀਆਂ ਹੋਣਗੀਆਂ।

**28.0 ਕੋਟਾ ਕੰਨਵਰਸਨ :** ਸਾਲ 2018-19 ਦੌਰਾਨ ਕੋਟਾ ਕੰਨਵਰਸਨ ਦਾ ਉਪਬੰਧ ਹੇਠ ਲਿਖੀਆਂ ਸਰਤਾਂ ਅਨੁਸਾਰ ਲਾਗੂ ਹੋਵੇਗਾ:-

i) ਇਹ ਆਪਸ਼ਨ ਅਜਿਹੇ ਲਸੰਸ ਧਾਰਕਾਂ ਨੂੰ ਉਪਲਬਧ ਨਹੀਂ ਹੋਵੇਗੀ ਜਿਹਨਾਂ ਦੇ ਲਸਸਿੰਗ ਯੂਨਿਟਾਂ/ ਗਰੁੱਪ/ਜੋਨ ਵਿੱਚ ਕੇਵਲ ਐਲ-14 ਏ ਠੇਕਾ/ਠੇਕੇ ਹਨ।

ii ਇਹ ਆਪਸ਼ਨ ਉਹਨਾਂ ਡਿਸਟਿਲਰੀਆਂ ਲਈ ਹੀ ਹੋਵੇਗੀ ਜੋ ਦੇਸੀ ਸ਼ਰਾਬ ਅਤੇ ਆਪਣੇ ਰਜਿਸਟਰਡ ਆਈ.ਐਮ.ਐਫ.ਐਲ. ਦੇ ਬਰਾਂਡਜ ਬਣਾਉਂਦੀਆਂ ਹਨ। ਇਸ ਸ਼ਰਤ ਤੇ ਕਿ ਤਬਦੀਲ ਹੋਣ ਵਾਲੇ ਆਈ.ਐਮ.ਐਫ.ਐਲ. ਦੇ ਬਰਾਂਡਾਂ ਦੀ ਈ.ਡੀ.ਪੀ. 1500/-ਰੁਪਏ ਪ੍ਰਤੀ ਕੇਸ ਤੋਂ ਵੱਧ ਨਹੀਂ ਹੋਵੇਗੀ।

iii) ਸਾਲ 2017-18 ਦੌਰਾਨ ਇਸ ਤਬਦੀਲੀ ਲਈ ਲਿਫਟ ਕੀਤੇ ਜਾਣ ਵਾਲੇ ਬਰਾਂਡ ਦੀ ਐਕਸਟਰਾ ਲਾਇਸੰਸ ਫੀਸ ਨਾਰਮਲ ਰੇਟ ਤੋਂ ਅੱਧੇ ਰੇਟ ਤੇ ਲਈ ਜਾਂਦੀ ਸੀ। ਕਿਉਂਕਿ ਵਿੱਤੀ ਸਾਲ 2018-19 ਵਿੱਚ ਐਕਸਟਰਾ ਲਾਇਸੰਸ ਫੀਸ ਨੂੰ ਖਤਮ ਕਰ ਦਿੱਤਾ ਗਿਆ ਹੈ, ਇਸ ਲਈ ਲਿਫਟ ਕੀਤੇ ਜਾਣ ਵਾਲੇ ਬਰਾਂਡ ਦੀ ਐਲ-1 ਪੱਧਰ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਨਾਰਮਲ ਰੇਟ ਤੋਂ ਅੱਧੇ ਰੇਟ ਤੇ ਚਾਰਜ ਕੀਤੀ ਜਾਵੇਗੀ। ਇਸ ਕੋਟੇ ਉੱਪਰ ਐਲ-14 ਏ ਪੱਧਰ ਤੇ ਦੇਸ਼ੀ ਸ਼ਰਾਬ ਦੀ ਬਣਦੀ ਆਬਕਾਰੀ ਡਿਊਟੀ ਜਮ੍ਹਾ ਕਰਵਾਉਣੀ ਹੋਵੇਗੀ। ਇਸ ਲਈ ਐਲ.14ਏ ਅਤੇ ਐਲ.2 ਲਸੰਸੀ ਨੂੰ ਡਿਸਟਿਲਰੀ ਤੋਂ ਸ਼ਰਾਬ ਲਿਆਉਣ ਲਈ ਵੱਖਰੇ ਪਰਮਿਟ ਜਾਰੀ ਕੀਤੇ ਜਾਣਗੇ।

iv) ਇਹ ਤਬਦੀਲੀ ਦੇਸੀ ਸਰਾਬ ਦੇ 70% ਪ੍ਰਤੀਸਤ ਓਪਨ ਕੋਟੇ ਵਿੱਚੋਂ ਹੋਵੇਗੀ ਜਿਹੜਾ ਕਿ ਕਿਸੇ ਵੀ ਡੀ.2 ਲੰਸਸੀ ਤੋਂ ਚੁੱਕਿਆ ਜਾ ਸਕਦਾ ਹੈ, ਜਿਸ ਦੇ ਆਈ.ਐਮ.ਐਫ.ਐਲ. ਦੇ ਆਪਣੇ ਰਜਿਸਟਰਡ ਬਰਾਂਡ ਹੋਣ।

**29.0 ਨਿਰਧਾਰਿਤ ਮਿਨਿਮਮ ਗਰੰਟੀਡ ਕੋਟੇ ਦੀ 100% ਲਿਫਟਿੰਗ ਅਤੇ ਸਾਰੀਆਂ ਆਬਕਾਰੀ ਡਿਊਟੀਆਂ ਦੀ ਅਦਾਇਗੀ ਯਕੀਨੀ ਬਣਾਉਣ ਬਾਰੇ:-** ਸਾਲ 2018-19 ਦੋਰਾਨ ਲਾਇਸੰਸੀ ਲਈ ਇਹ ਜਰੂਰੀ ਹੈ ਕਿ ਉਹ ਬਣਦੇ ਕੋਟੇ ਦੀਆਂ ਸਾਰੀਆਂ ਲੈਵੀਜ

ਹਰ ਮਹੀਨੇ ਦੇ ਆਖਰੀ ਦਿਨ ਤੱਕ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ, ਚਾਹੇ ਉਸ ਵੱਲੋ ਬਣਦਾ ਕੋਟਾ ਚੁੱਕਿਆ ਗਿਆ ਹੋਵੇ ਜਾਂ ਨਹੀਂ। ਜੇਕਰ ਪਿਛਲੇ ਮਹੀਨੇ ਵਿੱਚ ਲਾਇਸੰਸੀ ਨੇ ਬਣਦੇ ਕੋਟੇ ਦੀ ਪ੍ਰਤੀਸ਼ਤਤਾ ਤੋਂ ਘੱਟ ਕੋਟਾ ਚੁੱਕਿਆ ਹੈ ਪਰ ਲੈਵੀਜ ਪੂਰੀਆਂ ਅਦਾ ਕੀਤੀਆਂ ਹਨ ਅਤੇ ਅਗਲੇ ਮਹੀਨੇ ਦੇ ਕੋਟੇ ਦੀ ਬਣਦੀ ਪ੍ਰਤੀਸ਼ਤਤਾ ਤੋਂ ਵੱਧ ਕੋਟਾ ਚੁੱਕਿਆ ਹੈ ਤਾਂ ਉਸ ਪਿਛਲੇ ਮਹੀਨੇ ਵਿੱਚ ਅਣਚੁੱਕੇ ਕੋਟੇ ਦੀਆਂ ਲੈਵੀਜ ਅਗਲੇ ਮਹੀਨੇ ਵਿੱਚ ਅਡਜਸਟ ਕਰਵਾ ਸਕੇਗਾ।

**30.0** ਅਹਾਤੇ:- ਸਾਲ 2018-19 ਵਿਚ ਸ਼ਹਿਰੀ ਖੇਤਰਾਂ ਦੇ ਸਾਰੇ ਲਾਇਸੰਸਿੰਗ ਯੂਨਿਟਾਂ ਦੇ ਨਾਲ ਅਹਾਤੇ ਲਾਇਸੰਸ ਐਲ-52 ਖੋਲਣ ਦੀ ਇਜਾਜਤ ਹੋਵੇਗੀ। ਜੇਕਰ ਕਿਸੇ ਕਾਰਣ ਕਿਸੇ ਸ਼ਹਿਰੀ ਖੇਤਰ ਵਿੱਚ ਅਹਾਤਾ ਨਹੀਂ ਖੁਲੱਦਾ ਉਸ ਸੂਰਤ ਵਿੱਚ ਸ਼ਰਾਬ ਦੇ ਠੇਕੇਦਾਰ ਨੂੰ ਉਸ ਅਹਾਤੇ ਦੀ ਬਣਦੀ ਲਾਇਸੰਸ ਫੀਸ ਅਦਾ ਕਰਨੀ ਲਾਜਮੀ ਹੋਵੇਗੀ। ਜਿਹੜੇ ਅਹਾਤੇ ਐਲ-14ਏ ਅਤੇ ਐਲ-2 ਠੇਕਿਆਂ ਨਾਲ ਸਬੰਧਿਤ ਹੋਣਗੇ ਉਨਾਂ ਤੇ ਆਈ.ਐਮ.ਐਫ.ਐਲ. ਦੇ ਠੇਕੇ ਤੇ ਲੱਗਣ ਵਾਲੀਆਂ ਫੀਸਾਂ ਹੀ ਲਾਗੂ ਹੋਣਗੀਆਂ। ਅਹਾਤਿਆਂ ਦੇ ਲੰਸਸ ਐਲ-52 ਨੂੰ ਪੰਜਾਬ ਇੰਟੋਕਿਸੀਕੈਂਟ ਲੰਸਸ ਤੇ ਸੇਲ ਆਰਡਰ, 1956 ਦੀ ਮੱਦ 8 ਤੋ 14 ਦੀ ਛੋਟ ਹੋਵੇਗੀ।

